ਦਲਾਈ ਲਾਮ ਦੀ ਆਤਮਕਥਾ

-6-

ਨਹਿਰੂ ਨੂੰ ਝਟਕਾ

ਜਦੋਂ ਮੈਂ ਜੂਨ 1955 ਵਿੱਚ ਲਹਾਸਾ ਵਾਪਸ ਆਇਆ ਤਾਂ ਹਜ਼ਾਰਾਂ ਲੋਕਾਂ ਨੇ ਮੇਰਾ ਸਵਾਗਤ ਕੀਤਾ। ਤਿੱਬਤੀ ਲੋਕ ਮੇਰੀ ਲੰਬੀ ਗੈਰਹਾਜ਼ਰੀ ਤੋਂ ਬਹੁਤ ਦੁਖੀ ਸਨ ਅਤੇ ਬਹੁਤ ਰਾਹਤ ਮਹਿਸੂਸ ਕਰ ਰਹੇ ਸਨ ਕਿ ਦਲਾਈ ਲਾਮਾ ਉਨ੍ਹਾਂ ਵਿੱਚ ਵਾਪਸ ਆ ਗਿਆ ਸੀ। ਇਹ ਮੇਰੇ ਲਈ ਵੀ ਰਾਹਤ ਦੀ ਗੱਲ ਸੀ। ਚੀਨੀ ਸਪੱਸ਼ਟ ਤੌਰ 'ਤੇ ਪੂਰਬੀ ਤਿੱਬਤ ਨਾਲੋਂ ਇੱਥੇ ਵਧੇਰੇ ਨਿਯੰਤਰਿਤ ਕੰਮ ਕਰ ਰਹੇ ਸਨ। ਚੀਨ ਤੋਂ ਵਾਪਸੀ ਦੀ ਯਾਤਰਾ 'ਤੇ ਮੈਂ ਬਹੁਤ ਸਾਰੇ ਆਮ ਲੋਕਾਂ ਦੇ ਨਾਲ-ਨਾਲ ਸਥਾਨਕ ਸਰਦਾਰਾਂ ਦੇ ਕਈ ਵਫ਼ਦਾਂ ਨੂੰ ਮਿਲਿਆ ਜਿਨ੍ਹਾਂ ਨੇ ਬੇਨਤੀ ਕੀਤੀ ਕਿ ਮੈਂ ਆਪਣੇ ਨਵੇਂ ਮਾਲਕਾਂ ਨੂੰ ਪੇਂਡੂ ਖੇਤਰਾਂ ਵਿੱਚ ਆਪਣੀ ਨੀਤੀ ਬਦਲਣ ਲਈ ਕਹਾਂ।

ਮੈਂ ਖੁਦ ਦੇਖਿਆ, ਸ਼ਹਿਰ ਵਿੱਚ ਵੀ ਮੈਨੂੰ ਚੀਜ਼ਾਂ ਮੁਕਾਬਲਤਨ ਆਮ ਮਿਲੀਆਂ, ਸਿਵਾਏ ਇਸਦੇ ਕਿ ਇਤਿਹਾਸ ਵਿੱਚ ਪਹਿਲੀ ਵਾਰ ਕਾਰਾਂ ਅਤੇ ਟਰੱਕ ਸ਼ਹਿਰ ਵਿੱਚ ਸ਼ੋਰ ਅਤੇ ਪ੍ਰਦੂਸ਼ਣ ਕਰ ਰਹੇ ਸਨ। ਭੋਜਨ ਦੀ ਸਥਿਤੀ ਵਿੱਚ ਵੀ ਸੁਧਾਰ ਹੋਇਆ ਸੀ। ਕਿਉਂਕਿ ਮੈਂ ਹੁਣ ਵਾਪਸ ਆ ਗਿਆ ਸੀ, ਆਸ਼ਾਵਾਦ ਵੀ ਜਾਗਿਆ । ਰਹੀ ਮੇਰੀ ਗੱਲ, ਮੈਨੂੰ ਲੱਗਾ ਕਿ ਚੀਨੀ ਅਧਿਕਾਰੀਆਂ ਵਿਚਕਾਰ ਮੇਰਾ ਰੁਤਬਾ ਮਾਓ ਦੇ ਜਨਤਕ ਵਿਸ਼ਵਾਸ ਦੇ ਪ੍ਰਦਰਸ਼ਨ ਨਾਲ ਵਧੇਗਾ ਅਤੇ ਮੈਂ ਭਵਿੱਖ ਬਾਰੇ ਸਾਵਧਾਨੀ ਨਾਲ ਆਸ਼ਾਵਾਦੀ ਰਿਹਾ।

ਫਿਰ ਵੀ ਮੈਨੂੰ ਪਤਾ ਸੀ ਕਿ ਤਿੱਬਤ ਤੋਂ ਬਾਹਰ ਦੁਨੀਆ ਨੇ ਸਾਡੇ ਤੋਂ ਮੂੰਹ ਮੋੜ ਲਿਆ ਹੈ। ਇਸ ਤੋਂ ਵੀ ਮਾੜੀ ਗੱਲ ਇਹ ਹੈ ਕਿ ਭਾਰਤ, ਸਾਡਾ ਸਭ ਤੋਂ ਨਜ਼ਦੀਕੀ ਗੁਆਂਢੀ ਅਤੇ ਅਧਿਆਤਮਿਕ ਗੁਰੂ, ਨੇ ਵੀ ਤਿੱਬਤ 'ਤੇ ਚੀਨੀ ਦਾਅਵੇ ਨੂੰ ਚੁੱਪ-ਚਾਪ ਸਵੀਕਾਰ ਕਰ ਲਿਆ ਸੀ। ਅਪ੍ਰੈਲ 1954 ਵਿੱਚ ਨਹਿਰੂ ਨੇ ਇੱਕ ਨਵੀਂ ਚੀਨ-ਭਾਰਤ ਸੰਧੀ 'ਤੇ ਦਸਤਖਤ ਕੀਤੇ ਜਿਸ ਵਿੱਚ ਪੰਚਸ਼ੀਲ ਨਾਮਕ ਇੱਕ ਮੈਮੋਰੰਡਮ ਸ਼ਾਮਲ ਸੀ। ਇਸ ਵਿੱਚ ਭਾਰਤ ਅਤੇ ਚੀਨ ਸਹਿਮਤ ਹੋਏ ਕਿ ਉਹ ਕਿਸੇ ਵੀ ਹਾਲਤ ਵਿੱਚ ਇੱਕ ਦੂਜੇ ਦੇ 'ਅੰਦਰੂਨੀ' ਮਾਮਲਿਆਂ ਵਿੱਚ ਦਖਲ ਨਹੀਂ ਦੇਣਗੇ। ਇਸ ਸੰਧੀ ਦੇ ਅਨੁਸਾਰ ਤਿੱਬਤ ਚੀਨ ਦਾ ਹਿੱਸਾ ਸੀ।

1955 ਦੀਆਂ ਗਰਮੀਆਂ ਬਿਨਾਂ ਸ਼ੱਕ ਚੀਨੀ ਅਧਿਕਾਰੀਆਂ ਅਤੇ ਮੇਰੇ ਤਿੱਬਤੀ ਪ੍ਰਸ਼ਾਸਨ ਵਿਚਕਾਰ ਆਰਾਮਦਾਇਕ ਸਹਿ-ਹੋਂਦ ਦੇ ਦਹਾਕੇ ਦੌਰਾਨ ਅਸੀਂ ਸਭ ਤੋਂ ਵਧੀਆ ਅਨੁਭਵ ਕੀਤਾ ਸੀ। ਪਰ ਤਿੱਬਤ ਵਿੱਚ ਗਰਮੀਆਂ ਥੋੜ੍ਹੇ ਸਮੇਂ ਲਈ ਹੁੰਦੀਆਂ ਹਨ ਅਤੇ ਬਹੁਤ ਹਫ਼ਤੇ ਵੀ ਨਹੀਂ ਬੀਤੀਆਂ ਸਨ ਜਦੋਂ ਖਾਮ ਅਤੇ ਅਮਡੋ ਵਿੱਚ ਚੀਨੀ ਅਧਿਕਾਰੀਆਂ ਦੀਆਂ ਗਤੀਵਿਧੀਆਂ ਬਾਰੇ ਪਰੇਸ਼ਾਨ ਕਰਨ ਵਾਲੀਆਂ ਰਿਪੋਰਟਾਂ ਮੇਰੇ ਕੰਨਾਂ ਤੱਕ ਪਹੁੰਚਣ ਲੱਗੀਆਂ।

ਨਹਿਰੂ ਨੂੰ ਝਟਕਾ 95

ਉਥੋਂ ਦੇ ਲੋਕਾਂ ਨੂੰ ਬਖਸ਼ਣਾ ਤਾਂ ਦੂਰ, ਹਰ ਤਰ੍ਹਾਂ ਦੇ 'ਸੁਧਾਰ' ਉਨ੍ਹਾਂ 'ਤੇ ਇਕਪਾਸੜ ਤੌਰ 'ਤੇ ਦਬਾ ਨਾਲ ਕੀਤੇ ਗਏ ਸਨ। ਘਰਾਂ, ਜ਼ਮੀਨਾਂ ਅਤੇ ਪਸ਼ੂਆਂ 'ਤੇ ਨਵੇਂ ਟੈਕਸ ਲਗਾਏ ਗਏ ਅਤੇ, ਸਾਡੇ ਜ਼ਖ਼ਮਾਂ 'ਤੇ ਅਪਮਾਨ ਕਰਨ ਲਈ, ਇੱਥੋਂ ਤੱਕ ਕਿ ਮੱਠਾਂ ਦੀ ਜਾਇਦਾਦ 'ਤੇ ਵੀ ਟੈਕਸ ਲਗਾਇਆ ਗਿਆ। ਵੱਡੀਆਂ ਜਾਇਦਾਦਾਂ ਜ਼ਬਤ ਕਰ ਲਈਆਂ ਗਈਆਂ ਅਤੇ ਸਥਾਨਕ ਚੀਨੀ ਕਾਡਰਾਂ ਦੁਆਰਾ ਉਨ੍ਹਾਂ ਦੀ ਆਪਣੀ ਰਾਜਨੀਤਿਕ ਵਿਚਾਰਧਾਰਾ ਅਨੁਸਾਰ ਜ਼ਮੀਨ ਦੀ ਮੁੜ ਵੰਡ ਕੀਤੀ ਗਈ। ਜ਼ਿਮੀਂਦਾਰਾਂ ਨੂੰ ਜਨਤਕ ਤੌਰ 'ਤੇ ਲਾਈਨਾਂ ਵਿੱਚ ਖੜ੍ਹਾ ਕੀਤਾ ਗਿਆ ਅਤੇ 'ਲੋਕਾਂ ਵਿਰੁੱਧ ਅਪਰਾਧਾਂ' ਲਈ ਸਜ਼ਾ ਦਿੱਤੀ ਗਈ। (ਮੈਨੂੰ ਡਰ ਹੈ ਕਿ ਬਹੁਤ ਸਾਰੇ ਮਾਰੇ ਗਏ ਸਨ।) ਉਸੇ ਸਮੇਂ ਚੀਨੀ ਅਧਿਕਾਰੀਆਂ ਨੇ ਹਜ਼ਾਰਾਂ ਖਾਨਾਬਦੋਸ਼ ਜਿਪਸੀ ਜੋ ਇਨ੍ਹਾਂ ਉਪਜਾਊ

ਖੇਤਰਾਂ ਵਿੱਚ ਘੁੰਮਦੇ ਸਨ, ਨੂੰ ਘੇਰਨਾ ਸ਼ੁਰੂ ਕਰ ਦਿੱਤਾ। ਖਾਨਾਬਦੋਸ਼ੀ, ਸਾਡੇ ਨਵੇਂ ਮਾਲਕਾਂ ਲਈ ਘਿਣਾਉਣਾ ਕੰਮ ਸੀ ਕਿਉਂਕਿ ਇਸ ਵਿੱਚ ਬਰਬਰਤਾ ਦੀ ਬਦਬੂ ਆਉਂਦੀ ਸੀ। ਦਰਅਸਲ ਤਿੱਬਤੀ ਲਈ ਆਮ ਚੀਨੀ ਸ਼ਬਦ 'ਮਾਂਟਜ਼ੇ' ਹੈ, ਜਿਸਦਾ ਆਮ ਅਰਥ ਹੈ ' ਵਹਸ਼ੀ, ਬਰਬਰ'।

ਇਹ ਵੀ ਚਿੰਤਾਜਨਕ ਰਿਪੋਰਟਾਂ ਸਨ ਕਿ ਮੱਠਾਂ ਦੇ ਕੰਮ ਵਿੱਚ ਭਾਰੀ ਦਖਲਅੰਦਾਜ਼ੀ ਕੀਤੀ ਜਾ ਰਹੀ ਸੀ ਅਤੇ ਸਥਾਨਕ ਆਬਾਦੀ ਨੂੰ ਧਰਮ ਵਿਰੁੱਧ ਜ਼ਹਿਰ ਦਿੱਤਾ ਜਾ ਰਿਹਾ ਸੀ। ਭਿਕਸ਼ੂਆਂ ਅਤੇ ਨਨਾਂ ਨੂੰ ਸਖ਼ਤ ਸਜ਼ਾ ਦਿੱਤੀ ਗਈ ਅਤੇ ਜਨਤਕ ਤੌਰ 'ਤੇ ਅਪਮਾਨਿਤ ਕੀਤਾ ਗਿਆ।

ਉਦਾਹਰਣ ਵਜੋਂ, ਉਨ੍ਹਾਂ ਨੂੰ ਕੀੜੇ-ਮਕੌੜਿਆਂ, ਚੂਹਿਆਂ, ਪੰਛੀਆਂ ਅਤੇ ਹਰ ਤਰ੍ਹਾਂ ਦੇ ਜੀਵਾਂ ਦੇ ਖਾਤਮੇ ਦੇ ਪ੍ਰੋਗਰਾਮਾਂ ਵਿੱਚ ਹਿੱਸਾ ਲੈਣ ਲਈ ਮਜਬੂਰ ਕੀਤਾ ਗਿਆ ਸੀ। ਹਾਲਾਂਕਿ ਚੀਨੀ ਅਧਿਕਾਰੀ ਜਾਣਦੇ ਸਨ ਕਿ ਜੀਵ ਨੂੰ ਕਿਸੇ ਵੀ ਰੂਪ ਵਿੱਚ ਮਾਰਨਾ ਬੋਧੀ ਸਿੱਖਿਆਵਾਂ ਦੇ ਵਿਰੁੱਧ ਹੈ, ਜੇਕਰ ਉਹ ਇਨਕਾਰ ਕਰਦੇ ਹਨ ਤਾਂ ਉਨ੍ਹਾਂ ਨੂੰ ਕੁੱਟਿਆ ਜਾਂਦਾ ਸੀ। ਇਸ ਦੌਰਾਨ ਲਹਾਸਾ ਵਿੱਚ ਚੀਨੀ ਇਸ ਤਰ੍ਹਾਂ ਕਰਦੇ ਰਹੇ ਜਿਵੇਂ ਕੁਝ ਵੀ ਗਲਤ ਨਾ ਹੋਵੇ। ਰਾਜਧਾਨੀ ਵਿੱਚ ਧਰਮ ਵਿੱਚ ਦਖਲ ਨਾ ਦੇ ਕੇ ਉਹ ਸਪੱਸ਼ਟ ਤੌਰ 'ਤੇ ਉਮੀਦ ਕਰ ਰਹੇ ਸਨ ਕਿ ਮੈਨੂੰ ਸੁਰੱਖਿਆ ਦੀ ਝੂਠੀ ਭਾਵਨਾ ਵਿੱਚ ਆਰਮ ਨਾਲ ਰਹਾਂਗਾ ਜਦੋਂ ਕਿ ਉਹ ਕਿਤੇ ਹੋਰ ਬਾਕੀ ਜਗਹ ਆਪਣੀ ਮਰਜ਼ੀ ਅਨੁਸਾਰ ਕਰਦੇ ਰਹਿਣਗੇ ।

1955 ਦੇ ਅਖੀਰ ਵਿੱਚ ਤਿੱਬਤ ਦੇ ਆਟੋਨੋਮਸ ਰੀਜਨ (PCART) ਲਈ ਤਿਆਰੀ ਕਮੇਟੀ ਦੇ ਉਦਘਾਟਨ ਲਈ ਤਿਆਰੀਆਂ ਸ਼ੁਰੂ ਹੋ ਗਈਆਂ, ਜੋ ਮਾਓ ਦੇ ਫੌਜੀ ਕਮਿਸ਼ਨ ਦੁਆਰਾ ਸ਼ਾਸਨ ਦੀ ਥਾਂ ਲਵੇਗੀ। ਪਰ ਜਿਵੇਂ ਹੀ ਪਤਝੜ ਸਰਦੀਆਂ ਵਿੱਚ ਬਦਲ ਗਈ, ਪੂਰਬ ਤੋਂ ਬਦਤਰ ਖ਼ਬਰਾਂ ਆਉਣ ਲੱਗੀਆਂ। ਖੰਪਾਂ, ਜੋ ਬਾਹਰੀ ਦਖਲਅੰਦਾਜ਼ੀ ਦੇ ਆਦੀ ਨਹੀਂ ਸਨ, ਨੇ ਚੀਨੀ ਤਰੀਕਿਆਂ ਨੂੰ ਪਿਆਰ ਨਾਲ ਨਹੀਂ ਲਿਆ। ਉਨ੍ਹਾਂ ਦੀਆਂ ਸਾਰੀਆਂ ਚੀਜ਼ਾਂ ਵਿੱਚੋਂ, ਜਿਸ ਚੀਜ਼ ਦੀ ਉਹ ਸਭ ਤੋਂ ਵੱਧ ਕਦਰ ਕਰਦੇ ਸਨ, ਉਹ ਉਨ੍ਹਾਂ ਦੇ ਨਿੱਜੀ ਹਥਿਆਰ ਸਨ। ਇਸ ਲਈ ਜਦੋਂ ਸਥਾਨਕ ਕਾਡਰਾਂ ਨੇ ਉਹਨਾਂ ਦੇ ਨਿੱਜੀ ਹਥਿਆਰ ਜ਼ਬਤ ਕਰਨੇ ਸ਼ੁਰੂ ਕਰ ਦਿੱਤੇ, ਤਾਂ ਖੰਪਾਂ ਨੇ ਹਿੰਸਕ ਪ੍ਰਤੀਕਿਰਿਆ ਕੀਤੀ।

ਸਰਦੀਆਂ ਦੇ ਮਹੀਨਿਆਂ ਦੌਰਾਨ, ਸਥਿਤੀ ਤੇਜ਼ੀ ਨਾਲ ਵਿਗੜਦੀ ਗਈ। ਜਿਵੇਂ ਹੀ ਇਹ ਹੋਇਆ, ਚੀਨੀ ਦਮਨ ਤੋਂ ਪੀੜਤ ਸ਼ਰਨਾਰਥੀ ਬੇਰਹਿਮੀ ਅਤੇ ਅਪਮਾਨ ਦੀਆਂ ਕਹਾਣੀਆਂ ਲੈ ਕੇ ਲਹਾਸਾ ਪਹੁੰਚਣ ਲੱਗੇ। ਚੀਨੀਆਂ ਨੇ ਖੰਪਾਸ ਦੇ ਵਿਰੋਧ ਦਾ ਬੇਰਹਿਮੀ ਨਾਲ ਸਾਹਮਣਾ ਕੀਤਾ। ਉਨ੍ਹਾਂ ਨੂੰ ਨਾ ਸਿਰਫ਼ ਜਨਤਕ ਤੌਰ 'ਤੇ ਕੋੜੇ ਮਾਰੇ ਗਏ ਅਤੇ ਫਾਂਸੀ ਦਿੱਤੀ ਗਈ, ਸਗੋਂ ਅਕਸਰ ਉਨ੍ਹਾਂ ਦੇ ਆਪਣੇ ਬੱਚਿਆਂ ਨੂੰ ਫਾਂਸੀ ਦੇਣ ਲਈ ਵਰਤਿਆ ਜਾਂਦਾ ਸੀ। ਜਨਤਕ ਨਿੰਦਾ ਦੀ ਮੁਹਿੰਮ ਵੀ ਸ਼ੁਰੂ ਕੀਤੀ ਗਈ। ਇਸ ਤਰੀਕੇ ਦਾ ਸਮਰਥਨ ਚੀਨੀ ਕਮਿਊਨਿਸਟਾਂ ਦੁਆਰਾ ਕੀਤਾ ਜਾਂਦਾ ਹੈ। 'ਅਪਰਾਧੀ' ਨੂੰ ਰੱਸੀਆਂ ਨਾਲ ਬੰਨ੍ਹਿਆ ਜਾਂਦਾ ਹੈ ਅਤੇ ਇੰਨੀ ਜ਼ੋਰ ਨਾਲ ਖਿੱਚਿਆ ਜਾਂਦਾ ਹੈ ਕਿ ਮੋਢੇ ਉਤਰ ਜਾਂਦੇ ਹਨ।

96 ਆਜ਼ਾਦ ਸ਼ਰਨਾਰਥੀ

ਜਦੋਂ ਆਦਮੀ ਪੂਰੀ ਤਰ੍ਹਾਂ ਬੇਵੱਸ ਹੁੰਦਾ ਹੈ ਅਤੇ ਦਰਦ ਨਾਲ ਚੀਕਣਾ ਸ਼ੁਰੂ ਕਰ ਦਿੰਦਾ ਹੈ, ਤਾਂ ਆਮ ਜਨਤਾ, ਜਿਸ ਵਿੱਚ ਔਰਤਾਂ ਅਤੇ ਬੱਚੇ ਸ਼ਾਮਲ ਹਨ, ਇਹਨਾਂ ਦੇ ਸਾਹਮਣੇ ਉਹਨਾਂ ਨੂੰ ਤਕਲੀਫ ਦੇ ਕੇ ਹੋਰ ਸੱਟ ਮਾਰਨ ਲਈ ਬੁਲਾਇਆ ਜਾਂਦਾ ਹੈ। ਚੀਨੀ ਸਪੱਸ਼ਟ ਤੌਰ 'ਤੇ ਵਿਸ਼ਵਾਸ ਕਰਦੇ ਹਨ ਕਿ ਅਜਿਹਾ ਕਰਨ ਨਾਲ ਉਹ ਲੋਕਾਂ ਦੇ ਮਨ ਬਦਲ ਸਕਦੇ ਹਨ ਅਤੇ ਇਹ ਰਾਜਨੀਤਿਕ ਪੁਨਰ-ਸਿੱਖਿਆ ਦੀ ਪ੍ਰਕਿਰਿਆ ਵਿੱਚ ਵੀ ਮਦਦ ਕਰਦਾ ਹੈ।

1956 ਦੇ ਸ਼ੁਰੂ ਵਿੱਚ ਲੋਸਾਰ ਦੌਰਾਨ ਮੇਰੀ ਨੇਚੁੰਗ ਪੈਗੰਬਰ ਨਾਲ ਬਹੁਤ ਹੀ ਮਜ਼ੇਦਾਰ ਮੁਲਾਕਾਤ ਹੋਈ ਜਿਸਨੇ ਐਲਾਨ ਕੀਤਾ ਕਿ 'ਇੱਛਾ ਪੂਰੀ ਕਰਨ ਵਾਲੇ ਜਵਾਹਰ' (ਜਿਸ ਨਾਮ ਨਾਲ ਦਲਾਈ ਲਾਮਾ ਤਿੱਬਤੀਆਂ ਨੂੰ ਜਾਣਿਆ ਜਾਂਦਾ ਹੈ) ਦੀ ਰੌਸ਼ਨੀ ਪੱਛਮ ਵਿੱਚ ਚਮਕੇਗੀ। ਮੈਂ ਇਸਦਾ ਮਤਲਬ ਇਹ ਸਮਝਿਆ ਕਿ ਮੈਂ ਉਸ ਸਾਲ ਭਾਰਤ ਆਵਾਂਗਾ। ਹੁਣ ਮੈਂ ਦੇਖ ਰਿਹਾ ਹਾਂ ਕਿ ਭਵਿੱਖਬਾਣੀ ਦਾ ਇਸ ਤੋਂ ਵੀ ਡੂੰਘਾ ਅਰਥ ਸੀ।

ਚਿੰਤਾ ਦਾ ਇੱਕ ਗੰਭੀਰ ਵਿਸ਼ਾ ਖਾਮ ਅਤੇ ਅਮਡੋ ਦੇ ਸ਼ਰਨਾਰਥੀ ਸਨ ਜੋ ਪਿਛਲੇ ਦਿਨ ਲਹਾਸਾ ਪਹੁੰਚੇ ਸਨ। ਸ਼ਹਿਰ ਵਿੱਚ ਹਲਚਲ ਸੀ। ਪਹਿਲੀ ਵਾਰ ਨਵੇਂ ਸਾਲ ਦੇ ਜਸ਼ਨਾਂ

ਵਿੱਚ ਇੱਕ ਸਪੱਸ਼ਟ ਰਾਜਨੀਤਿਕ ਰੰਗ ਸੀ। ਚੀਨੀਆਂ ਦੀ ਨਿੰਦਾ ਕਰਦੇ ਪੋਸਟਰ ਅਤੇ ਪੈਂਫਲੇਟ ਪੂਰੀ ਰਾਜਧਾਨੀ ਵਿੱਚ ਲਗਾਏ ਗਏ ਸਨ। ਲੋਕਾਂ ਨੇ ਜਨਤਕ ਮੀਟਿੰਗਾਂ ਕੀਤੀਆਂ ਅਤੇ ਆਪਣੇ ਪ੍ਰਸਿੱਧ ਨੇਤਾ ਚੁਣੇ। ਤਿੱਬਤ ਵਿੱਚ ਪਹਿਲਾਂ ਕਦੇ ਵੀ ਅਜਿਹੀਆਂ ਚੀਜ਼ਾਂ ਨਹੀਂ ਵੇਖੀਆਂ ਗਈਆਂ ਸਨ। ਕੁਦਰਤੀ ਤੌਰ 'ਤੇ ਚੀਨੀ ਗੁੱਸੇ ਵਿੱਚ ਆ ਗਏ ਸਨ। ਜਲਦੀ ਹੀ ਤਿੰਨ ਆਦਮੀਆਂ ਨੂੰ ਗ੍ਰਿਫਤਾਰ ਕਰ ਲਿਆ ਜਿਨ੍ਹਾਂ ਬਾਰੇ ਉਸਨੇ ਕਿਹਾ ਕਿ ਉਹ ਲੋਕਤੰਤਰ ਵਿਰੋਧੀ ਅਪਰਾਧਾਂ ਨੂੰ ਭੜਕਾਉਣ ਲਈ ਜ਼ਿੰਮੇਵਾਰ ਸਨ। ਪਰ ਇਸ ਨਾਲ ਉਸਦੇ ਸ਼ਾਸਨ ਪ੍ਰਤੀ ਲੋਕਾਂ ਦੀ ਪ੍ਰਤੀਕਿਰਿਆ ਘੱਟ ਨਹੀਂ ਹੋਈ।

ਮੋਨਲਮ ਤਿਉਹਾਰ ਦੌਰਾਨ, ਅਮਡੋ ਅਤੇ ਖਾਮ ਦੇ ਵਪਾਰੀਆਂ ਨੇ ਸਾਲ ਦੇ ਅੰਤ ਵਿੱਚ ਟ੍ਰਾਈ-ਚੇਨਮੋ ਤਿਉਹਾਰ ਲਈ ਪੈਸੇ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ। ਤਿੱਬਤ ਦੇ ਸਰਪ੍ਰਸਤ ਦੇਵਤਿਆਂ ਨੂੰ ਭੇਟਾਂ ਦਿੱਤੀਆਂ ਜਾਂਦੀਆਂ ਹਨ, ਦਲਾਈ ਲਾਮਾ ਦੀ ਲੰਬੀ ਉਮਰ ਅਤੇ ਖੁਸ਼ਹਾਲੀ ਲਈ ਪ੍ਰਾਰਥਨਾ ਕੀਤੀ ਜਾਂਦੀ ਹੈ। ਉਨ੍ਹਾਂ ਦਾ ਫੰਡ ਇਕੱਠਾ ਕਰਨਾ ਇੰਨਾ ਸਫਲ ਰਿਹਾ ਕਿ ਮੈਨੂੰ ਇਸ ਮੌਕੇ ਲਈ ਕੀਮਤੀ ਰਤਨ ਨਾਲ ਜੜਿਆ ਇੱਕ ਸੁਨਹਿਰੀ ਤਖ਼ਤ ਦਾਨ ਕੀਤਾ ਗਿਆ। ਹਾਲਾਂਕਿ ਮੈਨੂੰ ਬਾਅਦ ਵਿੱਚ ਪਤਾ ਲੱਗਾ ਕਿ ਇਸ ਗਤੀਵਿਧੀ ਦਾ ਇੱਕ ਹੋਰ ਪੱਖ ਵੀ ਸੀ। ਇਸ ਨਾਲ "ਚੁਸ਼ੀ ਗੰਗਡ੍ਰੁਕ" ਨਾਮਕ ਇੱਕ ਗੱਠਜੋੜ ਬਣਿਆ, ਜੋ ਕਿ ਖਾਮ ਅਤੇ ਅਮਡੋ ਦਾ ਰਵਾਇਤੀ ਸਾਂਝਾ ਨਾਮ ਹੈ, "ਚਾਰ ਨਦੀਆਂ, ਛੇ ਰੇਂਜਾਂ"। ਅੰਤ ਵਿੱਚ ਇਸ ਸੰਗਠਨ ਨੇ ਇੱਕ ਵਿਸ਼ਾਲ ਗੁਰੀਲਾ ਲਹਿਰ ਸ਼ੁਰੂ ਕੀਤੀ।

ਮੋਨਲਮ ਤੋਂ ਬਾਅਦ ਪੀਸੀਏਆਰਟੀ ਦੇ ਉਦਘਾਟਨ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ, ਜਿਸਦਾ ਚੇਅਰਮੈਨ ਮੈਂ ਹੋਣਾ ਸੀ। ਕੁਝ ਮਹੀਨਿਆਂ ਵਿੱਚ, ਤਿੱਬਤੀ ਮਜ਼ਦੂਰਾਂ ਦੀ ਵਰਤੋਂ ਕਰਦੇ ਹੋਏ, ਚੀਨੀਆਂ ਨੇ ਤਿੰਨ ਵੱਡੀਆਂ ਇਮਾਰਤਾਂ ਬਣਾਈਆਂ: ਚੀਨੀ ਕਾਮਿਆਂ ਨੂੰ ਮਿਲਣ ਲਈ ਇੱਕ ਆਰਾਮ ਘਰ, ਇੱਕ ਇਸ਼ਨਾਨ ਘਰ ਅਤੇ ਇੱਕ ਮਿਉਂਸਪਲ ਹਾਲ। ਇਹ ਤੀਜੀ ਇਮਾਰਤ ਇੱਕ ਆਧੁਨਿਕ, ਨਾਲੀਦਾਰ ਲੋਹੇ ਦੀ ਛੱਤ ਵਾਲੀ ਦੋ ਮੰਜ਼ਿਲਾ ਇਮਾਰਤ ਸੀ, ਜਿਸ ਵਿੱਚ ਇੱਕ ਪਲੇਟਫਾਰਮ ਦੇ ਸਾਹਮਣੇ ਬਾਰਾਂ ਸੌ ਲੋਕ ਬੈਠਦੇ ਸਨ ਅਤੇ ਉੱਪਰ ਗੈਲਰੀ ਵਿੱਚ ਤਿੰਨ ਸੌ ਲੋਕ ਬੈਠਦੇ ਸਨ। ਇਹ ਪੋਟਾਲਾ ਦੇ ਬਿਲਕੁਲ ਸਾਹਮਣੇ ਸੀ।

1956 ਵਿੱਚ ਮਾਰਸ਼ਲ ਚੇਨ ਯੀ, ਉਪ ਪ੍ਰਧਾਨ ਮੰਤਰੀ ਅਤੇ ਪੀਪਲਜ਼ ਰੀਪਬਲਿਕ ਦੇ ਵਿਦੇਸ਼ ਮੰਤਰੀ, ਆਪਣੀ ਪਤਨੀ ਅਤੇ ਬੀਜਿੰਗ ਤੋਂ ਇੱਕ ਵੱਡੇ ਵਫ਼ਦ ਨਾਲ ਚੇਅਰਮੈਨ ਮਾਓ ਦੀ ਨੁਮਾਇੰਦਗੀ ਕਰਨ ਲਈ ਆਏ ਸਨ। ਮੈਂਨੂੰ ਆਪਣੀ ਚੀਨ ਯਾਤਰਾ ਤੋਂ ਚੇਨ ਯੀ ਯਾਦ ਆਇਆ। ਉਹ ਇੱਕ ਬਹੁਤ ਵਧੀਆ ਆਦਮੀ ਸੀ। ਪਰ ਇੱਕ ਬੁਲਾਰੇ ਵਜੋਂ ਉਸਦੀ ਸਾਖ ਬਹੁਤ ਖਤਰਨਾਕ ਸੀ।

ਨਹਿਰੂ ਨੂੰ ਝਟਕਾ 97

ਇੱਕ ਵਾਰ ਉਸਨੇ ਸੱਤ ਘੰਟੇ ਚੱਲਿਆ ਭਾਸ਼ਣ ਦਿੱਤਾ। ਮਾਰਸ਼ਲ ਲਹਾਸਾ ਵਿੱਚ ਇੱਕ ਟਾਈ ਬੰਨ੍ਹ ਕੇ ਪਹੁੰਚੇ ਜਿਸਦੀ ਉਹ ਬਹੁਤ ਮਾਣ ਕਰਦੇ ਸਨ, ਹਾਲਾਂਕਿ ਉਹ ਇਸਨੂੰ ਬੰਨ੍ਹਣਾ ਨਹੀਂ ਜਾਣਦੇ ਸਨ। ਅਤੇ ਜੋ ਕਮੀਜ਼ ਉਸਨੇ ਪਾਈ ਸੀ ਉਸ ਵਿੱਚ ਉਸਦਾ ਢਿੱਡ ਫਸ ਨਹੀਂ ਰਿਹਾ ਸੀ। ਪਰ ਉਸਨੂੰ ਇਹਨਾਂ ਚੀਜ਼ਾਂ ਦੀ ਕੋਈ ਪਰਵਾਹ ਨਹੀਂ ਸੀ। ਉਹ ਮਜ਼ਾਕੀਆ, ਮਨੋਰੰਜਨ ਦਾ ਸ਼ੌਕੀਨ ਅਤੇ ਆਤਮ-ਵਿਸ਼ਵਾਸੀ ਸੀ। ਜਿਵੇਂ ਹੀ ਉਹ ਲਹਾਸਾ ਪਹੁੰਚਿਆ, ਪ੍ਰਭਾਵਸ਼ਾਲੀ ਮੁਕਾਬਲਾ ਸ਼ੁਰੂ ਹੋ ਗਿਆ। ਚੀਨੀਆਂ ਨੇ ਉਸਦੇ ਮਹਿੰਗੇ ਮਨੋਰੰਜਨ ਦਾ ਪ੍ਰਬੰਧ ਕੀਤਾ ਸੀ ਅਤੇ ਉਸਦੇ ਸਨਮਾਨ ਵਿੱਚ ਬਹੁਤ ਸਾਰੀਆਂ ਦਾਅਵਤਾਂ ਅਤੇ ਭਾਸ਼ਣ ਦਿੱਤੇ ਗਏ। ਜਦੋਂ ਨਵੇਂ ਮਿਉਂਸਪਲ ਹਾਲ ਵਿੱਚ ਪੀਸੀਏਆਰਟੀ ਦਾ ਅਧਿਕਾਰਤ ਤੌਰ 'ਤੇ ਉਦਘਾਟਨ ਕੀਤਾ ਗਿਆ, ਤਾਂ ਇਮਾਰਤ ਨੂੰ ਚੇਅਰਮੈਨ ਮਾਓ ਅਤੇ ਉਸਦੇ ਮੁੱਖ ਸਹਾਇਕਾਂ ਨੂੰ ਦਰਸਾਉਂਦੇ ਬੈਨਰਾਂ ਅਤੇ ਝੰਡਿਆਂ ਨਾਲ ਸਜਾਇਆ ਗਿਆ ਸੀ। ਇੱਕ ਚੀਨੀ ਫੌਜੀ ਧੁਨ ਵਜਾਈ ਗਈ ਅਤੇ ਕਮਿਊਨਿਸਟ ਗੀਤ ਗਾਏ ਗਏ। ਇਹ ਸਭ ਬਹੁਤ ਰਸਮੀ ਸੀ। ਚੇਨ ਯੀ ਨੇ ਫਿਰ ਇੱਕ ਮੁਕਾਬਲਤਨ ਛੋਟਾ ਭਾਸ਼ਣ ਦਿੱਤਾ ਜਿਸ ਵਿੱਚ ਉਸਨੇ ਐਲਾਨ ਕੀਤਾ ਕਿ "ਤਿੱਬਤ ਨੂੰ ਇਸਦੀ ਪਛੜੀ ਸਥਿਤੀ ਤੋਂ ਛੁਟਕਾਰਾ ਪਾਉਣ ਲਈ, ਚੀਨੀਆਂ ਨੇ ਦੇਸ਼ ਨੂੰ ਮਾਣ ਦਿਵਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਹੈ, ਤਿੱਬਤੀਆਂ ਨੂੰ 'ਉੱਨਤ' ਚੀਨੀ ਸੱਭਿਆਚਾਰ ਤੱਕ ਪਹੁੰਚ ਕਰਨ ਦੇ ਯੋਗ ਬਣਾਉਣ ਲਈ 'ਜ਼ਰੂਰੀ ਸੁਧਾਰ' ਲਾਗੂ ਕੀਤੇ ਜਾਣੇ ਚਾਹੀਦੇ ਹਨ।

ਇਹ ਉਨ੍ਹਾਂ ਨੂੰ ਰਾਸ਼ਟਰਵਾਦ ਦੇ ਪੱਧਰ 'ਤੇ ਲਿਆਉਣ ਲਈ ਜ਼ਰੂਰੀ ਹੈ। ਇਸ ਤੋਂ ਬਾਅਦ ਚੀਨੀ ਅਤੇ ਤਿੱਬਤੀ ਦੋਵਾਂ ਵੱਲੋਂ ਚਾਪਲੂਸੀ ਭਾਸ਼ਣਾਂ ਦੀ ਇੱਕ ਲੜੀ

ਸ਼ੁਰੂ ਹੋਈ, ਜਿਸ ਵਿੱਚ ਸਮਾਜਵਾਦ, ਪਾਰਟੀ ਅਤੇ ਤਿੱਬਤ ਵਿੱਚ ਚੀਨੀ ਮੌਜੂਦਗੀ ਦੀ ਪ੍ਰਸ਼ੰਸਾ ਕੀਤੀ ਗਈ। ਮੈਨੂੰ ਖੁਦ ਇੱਕ ਭਾਸ਼ਣ ਦੇਣਾ ਪਿਆ, ਖਾਸ ਤੌਰ 'ਤੇ ਇਹ ਜੋੜਦੇ ਹੋਏ ਕਿ ਮੈਨੂੰ ਯਕੀਨ ਸੀ ਕਿ ਚੀਨੀ ਲੋਕ ਆਪਣੀ ਜ਼ਿੰਮੇਵਾਰੀ ਦਾ ਸਨਮਾਨ ਕਰਨਗੇ, ਰਫ਼ਤਾਰ ਨਾਲ ਸੁਧਾਰ ਕਰਨਗੇ ਅਤੇ ਪੂਜਾ ਦੀ ਆਜ਼ਾਦੀ ਦੀ ਆਗਿਆ ਦੇਣਗੇ।

ਪੀਸੀਆਰਏਟੀ ਦੇ ਸੰਵਿਧਾਨ ਵਿੱਚ ਪ੍ਰਸ਼ਾਸਨ ਵਿੱਚ ਵੱਖ-ਵੱਖ ਨਵੇਂ ਸਰਕਾਰੀ ਵਿਭਾਗਾਂ ਦੀ ਸਿਰਜਣਾ ਕਰਨ ਦੀ ਮੰਗ ਕੀਤੀ ਗਈ ਸੀ, ਜਿਵੇਂ ਕਿ ਵਿੱਤ, ਸਿੱਖਿਆ, ਸੰਚਾਰ, ਦਵਾਈ, ਧਰਮ ਅਤੇ ਸੁਰੱਖਿਆ। ਇਹਨਾਂ ਨੂੰ ਤਿੱਬਤੀਆਂ ਦੁਆਰਾ ਚਲਾਇਆ ਜਾਣਾ ਸੀ। ਚਮਦੋ ਦਾ ਪ੍ਰਸ਼ਾਸਨ ਵੀ ਲਹਾਸਾ ਨੂੰ ਵਾਪਸ ਕੀਤਾ ਜਾਣਾ ਸੀ। ਉਨ੍ਹਾਂ ਨੇ ਮਿਲ ਕੇ ਅਖੌਤੀ 'ਤਿੱਬਤ ਆਟੋਨੋਮਸ ਖੇਤਰ' ਬਣਾਇਆ। ਬਾਕੀ ਖਾਮ ਅਤੇ ਸਾਰਾ ਅਮਦੋ ਬੀਜਿੰਗ ਦੇ ਸਿੱਧੇ ਨਿਯੰਤਰਣ ਹੇਠ ਹੋਣਾ ਸੀ। ਕਮੇਟੀ ਖੁਦ ਇਕਵੰਜਾ ਖੇਤਰੀ ਪ੍ਰਤੀਨਿਧੀਆਂ ਅਤੇ ਸਿਰਫ਼ ਪੰਜ ਚੀਨੀ ਲੋਕਾਂ ਦੀ ਬਣੀ ਹੋਣੀ ਸੀ। ਨਾਲ ਹੀ ਕਸ਼ਗ ਅਤੇ ਰਾਸ਼ਟਰੀ ਅਸੈਂਬਲੀ ਵੀ ਰਹਿਣੀ ਸੀ, ਹਾਲਾਂਕਿ ਇਹ ਸਪੱਸ਼ਟ ਸੀ ਕਿ ਚੀਨੀ ਅੰਤ ਵਿੱਚ ਰਵਾਇਤੀ ਤਿੱਬਤੀ ਸਰਕਾਰ ਦੇ ਸਾਰੇ ਅਵਸ਼ੇਸ਼ਾਂ ਨੂੰ ਖਤਮ ਕਰਨਾ ਚਾਹੁੰਦੇ ਸਨ ਅਤੇ ਇਸਨੂੰ ਅਰਥਹੀਣ ਬਣਾਉਣਾ ਚਾਹੁੰਦੇ ਸਨ।

ਕਾਗਜ਼ਾਂ 'ਤੇ ਪੀ.ਸੀ.ਆਰ.ਟੀ. ਨੇ ਖੁਦਮੁਖਤਿਆਰੀ ਵੱਲ ਇੱਕ ਮਹੱਤਵਪੂਰਨ ਤਰੱਕੀ ਦਾ ਵਾਅਦਾ ਕੀਤਾ ਸੀ ਪਰ ਹਕੀਕਤ ਬਹੁਤ ਵੱਖਰੀ ਸੀ। ਜਦੋਂ ਚੇਨ ਯੀ ਨੇ ਨਿਯੁਕਤੀਆਂ ਦਾ ਐਲਾਨ ਕੀਤਾ ਤਾਂ ਪਤਾ ਲੱਗਾ ਕਿ ਇੱਕਵੰਜਾ ਪ੍ਰਤੀਨਿਧੀਆਂ ਵਿੱਚੋਂ ਕੁਝ ਨੂੰ ਛੱਡ ਕੇ ਬਾਕੀ ਸਾਰੇ ਚੀਨੀ ਨਾਮਜ਼ਦ ਸਨ, ਜਿਨ੍ਹਾਂ ਵਿੱਚੋਂ ਕੋਈ ਵੀ ਚੁਣਿਆ ਨਹੀਂ ਗਿਆ ਸੀ। ਉਨ੍ਹਾਂ ਨੂੰ ਆਪਣੀ ਸ਼ਕਤੀ ਅਤੇ ਜਾਇਦਾਦ ਉਦੋਂ ਤੱਕ ਬਰਕਰਾਰ ਰੱਖਣੀ ਸੀ ਜਦੋਂ ਤੱਕ ਉਹ ਆਪਣਾ ਵਿਰੋਧ ਨਹੀਂ ਕਰਦੇ। ਦੂਜੇ ਸ਼ਬਦਾਂ ਵਿੱਚ, ਇਹ ਸਭ ਇੱਕ ਮਜ਼ਾਕ ਸੀ।

ਫਿਰ ਵੀ ਹੈਰਾਨੀਆਂ ਸਨ। ਇਨ੍ਹਾਂ ਵਿੱਚੋਂ ਇੱਕ ਲੋਬਸਾਂਗ ਸੈਮਟੇਨ ਦੀ ਨਵੇਂ ਬਣੇ ਸੁਰੱਖਿਆ ਵਿਭਾਗ ਦੇ ਮੈਂਬਰ ਵਜੋਂ ਨਿਯੁਕਤੀ ਸੀ।

98 ਆਜ਼ਾਦ ਸ਼ਰਨਾਰਥੀ

ਇੰਨਾ ਦਿਆਲੂ ਅਤੇ ਚੰਗਾ ਆਦਮੀ ਹੋਣ ਕਰਕੇ, ਕੋਈ ਵੀ ਹੋਰ ਇਸ ਅਹੁਦੇ ਦੇ ਯੋਗ ਨਹੀਂ ਹੋ ਸਕਦਾ ਸੀ। ਮੈਂ ਉਸਦੇ ਚਿਹਰੇ 'ਦੇ ਉਤਾਰ ਚੜਾਅ ਕਦੇ ਨਹੀਂ ਭੁੱਲਾਂਗਾ। ਉਹ ਆਪਣੇ ਚੀਨੀ ਸਾਥੀ ਨੂੰ ਮਿਲਣ ਤੋਂ ਵਾਪਸ ਆ ਰਿਹਾ ਸੀ। ਸਭ ਠੀਕ ਸੀ ਜਦੋਂ ਤੱਕ ਆਦਮੀ ਲੋਬਸਾਂਗ ਸੈਮਟੇਨ (ਜੋ ਥੋੜ੍ਹੀ ਜਿਹੀ ਚੀਨੀ ਬੋਲਦਾ ਸੀ) ਵੱਲ ਮੁੜਿਆ ਅਤੇ ਪੁੱਛਿਆ ਕਿ "ਉਸਨੂੰ ਮਾਰੋ" ਲਈ ਤਿੱਬਤੀ ਸ਼ਬਦ ਕੀ ਹੈ। ਉਸ ਪਲ ਤੱਕ ਮੇਰੇ ਭਰਾ ਨੇ ਅਫਸਰ ਨੂੰ ਬਹੁਤ ਵਧੀਆ ਅਤੇ ਸਿੱਧਾ ਸਮਝਿਆ ਸੀ। ਪਰ ਇਸ ਸਵਾਲ ਨੇ ਉਸਨੂੰ ਹੈਰਾਨ ਕਰ ਦਿੱਤਾ। ਇੱਕ ਪਤੰਗੇ ਨੂੰ ਵੀ ਮਾਰਨ ਦਾ ਵਿਚਾਰ ਉਸਦੇ ਦਿਮਾਗ ਤੋਂ ਦੂਰ ਸੀ। ਉਹ ਕੁੱਝ ਵੀ ਬੋਲ ਨਹੀਂ ਸਕਿਆ । ਜਦੋਂ ਉਹ ਉਸ ਸ਼ਾਮ ਨੋਰਬੁਲਿੰਗਕਾ ਪਹੁੰਚਿਆ, ਤਾਂ ਉਸਦੇ ਚਿਹਰੇ 'ਤੇ ਘਬਰਾਹਟ ਦਿਖਾਈ ਦਿੱਤੀ। "ਹੁਣ ਮੈਂ ਕੀ ਕਰਾਂ?" ਉਸਨੇ ਪੁੱਛਿਆ। ਇਹ ਕਹਾਣੀ ਚੀਨੀ ਅਤੇ ਤਿੱਬਤੀ ਰਵੱਈਏ ਵਿੱਚ ਅੰਤਰ ਦੀ ਇੱਕ ਹੋਰ ਉਦਾਹਰਣ ਹੈ। ਇੱਕ ਲਈ, ਇੱਕ ਮਨੁੱਖ ਨੂੰ ਮਾਰਨਾ ਜ਼ਿੰਦਗੀ ਦਾ ਇੱਕ ਤੱਥ ਸੀ। ਦੂਜੇ ਲਈ, ਇਹ ਸੋਚਿਆ ਵੀ ਨਹੀਂ ਜਾ ਸਕਦਾ ਸੀ।

ਪੀਸੀਏਆਰਟੀ ਦੇ ਉਦਘਾਟਨ ਤੋਂ ਤੁਰੰਤ ਬਾਅਦ, ਮੈਂ ਸੁਣਿਆ ਕਿ ਖਾਮ ਵਿੱਚ ਚੀਨੀ ਅਧਿਕਾਰੀਆਂ ਨੇ ਸਾਰੇ ਸਥਾਨਕ ਨੇਤਾਵਾਂ ਨੂੰ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕੀਤੀ ਸੀ। ਉਸਨੇ ਉਨ੍ਹਾਂ ਸਾਰਿਆਂ ਨੂੰ ਇਕੱਠੇ ਬੁਲਾ ਕੇ ਅਤੇ ਉਨ੍ਹਾਂ ਨੂੰ "ਲੋਕਤੰਤਰੀ ਸੁਧਾਰਾਂ" ਦੀ ਸਥਾਪਨਾ 'ਤੇ ਵੋਟ ਪਾਉਣ ਲਈ ਕਹਿ ਕੇ ਅਜਿਹਾ ਕੀਤਾ, ਜਿਸਦਾ ਖਾਸ ਤੌਰ 'ਤੇ ਮਤਲਬ ਸੀ ਗਾਰ-ਚੂ ਅਤੇ ਕਰਜੇ ਖੇਤਰਾਂ ਵਿੱਚ ਇੱਕ ਲੱਖ ਪਰਿਵਾਰਾਂ ਨੂੰ ਸ਼ਾਮਲ ਕਰਨ ਵਾਲੇ ਕਈ ਹਜ਼ਾਰ ਖੇਤੀਬਾੜੀ ਸਹਿਕਾਰੀ ਸਭਾਵਾਂ ਦੀ ਸਿਰਜਣਾ। ਮੇਰੇ ਅਤੇ ਮੇਰੇ ਮੰਤਰੀ ਮੰਡਲ ਵੱਲੋਂ ਆਪਣੀ ਪ੍ਰਵਾਨਗੀ ਦੇਣ ਤੋਂ ਬਾਅਦ, ਇਕੱਠੇ ਹੋਏ 350 ਲੋਕਾਂ ਵਿੱਚੋਂ 200 ਸੁਧਾਰਾਂ ਦੇ ਨਾਲ ਜਾਣ ਲਈ ਸਹਿਮਤ ਹੋ ਗਏ। ਚਾਲੀ ਲੋਕਾਂ ਨੇ ਕਿਹਾ ਕਿ ਉਹ ਉਨ੍ਹਾਂ ਨੂੰ ਤੁਰੰਤ ਸਵੀਕਾਰ ਕਰਨ ਲਈ ਤਿਆਰ ਹਨ ਅਤੇ ਬਾਕੀਆਂ ਨੇ ਕਿਹਾ ਕਿ ਉਹ ਕਦੇ ਵੀ ਅਜਿਹੇ ਅਖੌਤੀ ਸੁਧਾਰ ਨਹੀਂ ਚਾਹੁੰਦੇ। ਇਸ ਤੋਂ ਬਾਅਦ, ਉਨ੍ਹਾਂ ਨੂੰ ਘਰ ਜਾਣ ਦੀ ਇਜਾਜ਼ਤ ਦਿੱਤੀ ਗਈ।

ਇੱਕ ਮਹੀਨੇ ਬਾਅਦ, ਵਿਰੋਧੀਆਂ ਨੂੰ ਦੁਬਾਰਾ ਬੁਲਾਇਆ ਗਿਆ। ਇਸ ਵਾਰ ਉਨ੍ਹਾਂ ਨੂੰ ਚਾਮਦੋ ਦੇ ਉੱਤਰ-ਪੂਰਬ ਵਿੱਚ ਸਥਿਤ ਜੋਮਦਾ ਜੋਂਗ ਨਾਮਕ ਕਿਲ੍ਹੇ ਵਿੱਚ

ਬੁਲਾਇਆ ਗਿਆ। ਜਿਵੇਂ ਹੀ ਉਹ ਅੰਦਰ ਦਾਖਲ ਹੋਏ, ਇਮਾਰਤ ਨੂੰ ਪੰਜ ਹਜ਼ਾਰ ਚੀਨੀ ਸੈਨਿਕਾਂ ਨੇ ਘੇਰ ਲਿਆ ਅਤੇ ਬੰਧਕਾਂ ਨੂੰ ਕਿਹਾ ਗਿਆ ਕਿ ਜਦੋਂ ਤੱਕ ਉਹ ਸੁਧਾਰਾਂ ਨੂੰ ਸਵੀਕਾਰ ਕਰਨ ਲਈ ਸਹਿਮਤ ਨਹੀਂ ਹੁੰਦੇ ਅਤੇ ਉਨ੍ਹਾਂ ਨੂੰ ਲਾਗੂ ਕਰਨ ਵਿੱਚ ਮਦਦ ਕਰਨ ਦਾ ਵਾਅਦਾ ਨਹੀਂ ਕਰਦੇ, ਉਨ੍ਹਾਂ ਨੂੰ ਰਿਹਾਅ ਨਹੀਂ ਕੀਤਾ ਜਾਵੇਗਾ। ਦੋ ਹਫ਼ਤਿਆਂ ਦੀ ਕੈਦ ਤੋਂ ਬਾਅਦ, ਖੰਪਾਂ ਨੇ ਆਤਮ ਸਮਰਪਣ ਕਰ ਦਿੱਤਾ। ਕੋਈ ਹੋਰ ਵਿਕਲਪ ਨਹੀਂ ਜਾਪਦਾ ਸੀ। ਉਸ ਰਾਤ ਕਿਲ੍ਹੇ ਦੀ ਸੁਰੱਖਿਆ ਘਟਾ ਦਿੱਤੀ ਗਈ ਸੀ। ਉਨ੍ਹਾਂ ਵਿੱਚੋਂ ਹਰ ਕੋਈ ਮੌਕਾ ਮਿਲਦੇ ਹੀ ਭੱਜ ਗਿਆ ਅਤੇ ਪਹਾੜੀਆਂ ਵਿੱਚ ਲੁਕ ਗਿਆ। ਇੱਕ ਹੀ ਝਟਕੇ ਵਿੱਚ ਚੀਨੀਆਂ ਨੇ ਖੰਪਾਂ ਲੋਕਾਂ ਨੂੰ ਦੁਸ਼ਮਣ ਬਣਾ ਲਿਆ ਸੀ, ਜੋ ਆਉਣ ਵਾਲੇ ਸਾਲਾਂ ਵਿੱਚ ਉਨ੍ਹਾਂ ਲਈ ਬਹੁਤ ਸਾਰੀਆਂ ਮੁਸ਼ਕਲਾਂ ਦਾ ਕਾਰਨ ਬਣਨ ਵਾਲੇ ਸਨ।

ਜੋਮਦਾ ਜ਼ੋਂਗ ਘਟਨਾ ਲਗਭਗ ਉਸੇ ਦਿਨ ਵਾਪਰੀ ਜਦੋਂ ਮੈਨੂੰ ਖਾਮ ਵਿੱਚ ਚੀਨੀ ਅਧਿਕਾਰੀਆਂ ਦੁਆਰਾ ਪ੍ਰਕਾਸ਼ਿਤ ਇੱਕ ਅਖਬਾਰ ਦੀ ਇੱਕ ਕਾਪੀ ਦਿੱਤੀ ਗਈ ਸੀ। ਜਦੋਂ ਮੈਂ ਕੱਟੇ ਹੋਏ ਸਿਰਾਂ ਦੀ ਇੱਕ ਕਤਾਰ ਦੀ ਫੋਟੋ ਦੇਖੀ ਤਾਂ ਮੈਨੂੰ ਵਿਸ਼ਵਾਸ ਨਹੀਂ ਹੋਇਆ। ਸੁਰਖੀ ਇਸ ਤਰਾਂ ਸੀ ਕਿ ਸਾਰੇ ਸਿਰ "ਪ੍ਰਤੀਕਿਰਿਆਸ਼ੀਲ ਅਪਰਾਧੀਆਂ" ਦੇ ਸਨ। ਇਹ ਚੀਨੀਆਂ ਦੁਆਰਾ ਕੀਤੇ ਗਏ ਅੱਤਿਆਚਾਰਾਂ ਦਾ ਪਹਿਲਾ ਠੋਸ ਸਬੂਤ ਸੀ ਜੋ ਮੈਂ ਦੇਖਿਆ ਸੀ। ਫਿਰ ਮੈਨੂੰ ਪਤਾ ਲੱਗਾ ਕਿ ਸਾਡੇ ਨਵੇਂ ਮਾਲਕਾਂ ਦੇ ਵਿਵਹਾਰ ਬਾਰੇ ਮੈਂ ਜੋ ਭਿਆਨਕ ਗੱਲਾਂ ਸੁਣੀਆਂ ਸਨ, ਉਹ ਸੱਚ ਸਨ।

ਨਹਿਰੂ ਨੂੰ ਝਟਕਾ 99

ਚੀਨੀਆਂ ਨੇ, ਉਨ੍ਹਾਂ ਵੱਲੋਂ, ਇਹ ਮਹਿਸੂਸ ਕਰਦੇ ਹੋਏ ਕਿ ਅਖ਼ਬਾਰ ਦਾ ਲੋਕਾਂ 'ਤੇ ਬਹੁਤ ਬੁਰਾ ਪ੍ਰਭਾਵ ਪੈ ਰਿਹਾ ਸੀ, ਇਸਨੂੰ ਵਾਪਸ ਲੈਣ ਦੀ ਕੋਸ਼ਿਸ਼ ਕੀਤੀ। ਇਸ ਦੀਆਂ ਕਾਪੀਆਂ ਖਰੀਦਣ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ ਗਈਆਂ।

ਇਹ ਨਵੀਂ ਜਾਣਕਾਰੀ ਪ੍ਰਾਪਤ ਕਰਕੇ ਅਤੇ ਇਹ ਮਹਿਸੂਸ ਕਰਦੇ ਹੋਏ ਕਿ ਪੀ.ਸੀ.ਆਰ.ਟੀ. ਇੱਕ ਧੋਖੇ ਤੋਂ ਵੱਧ ਕੁਝ ਨਹੀਂ ਸੀ, ਮੈਂ ਹੈਰਾਨ ਸੀ ਕਿ, ਕੀ ਭਵਿੱਖ ਲਈ ਕੋਈ ਉਮੀਦ ਹੈ? ਮੇਰੇ ਪੂਰਵਜ ਦੀ ਭਵਿੱਖਬਾਣੀ ਪੂਰੀ ਤਰ੍ਹਾਂ ਸੱਚ ਹੋਣ ਲੱਗੀ ਸੀ।

ਮੇਰਾ ਦਿਲ ਡੁੱਬ ਗਿਆ। ਹਾਲਾਂਕਿ ਬਾਹਰੀ ਤੌਰ 'ਤੇ ਮੇਰੀ ਜ਼ਿੰਦਗੀ ਆਮ ਵਾਂਗ ਚੱਲਦੀ ਰਹੀ। ਮੈਂ ਆਪਣੇ ਅਧਿਆਪਕਾਂ ਦੇ ਅਧੀਨ ਪ੍ਰਾਰਥਨਾ ਕੀਤੀ, ਧਿਆਨ ਕੀਤਾ ਅਤੇ ਸਖ਼ਤ ਅਧਿਐਨ ਕੀਤਾ। ਮੈਂ ਲਗਭਗ ਸਾਰੇ ਧਾਰਮਿਕ ਤਿਉਹਾਰਾਂ ਅਤੇ ਜਸ਼ਨਾਂ ਵਿੱਚ ਸ਼ਾਮਲ ਹੁੰਦਾ ਰਿਹਾ ਅਤੇ ਸਮੇਂ-ਸਮੇਂ 'ਤੇ ਸਿੱਖਿਆਵਾਂ ਪ੍ਰਾਪਤ ਕਰਦਾ ਅਤੇ ਦਿੰਦਾ ਰਿਹਾ। ਕਦੇ-ਕਦੇ ਮੈਂ ਯਾਤਰਾ ਦੇ ਆਪਣੇ ਅਧਿਕਾਰ ਅਧੀਨ ਵੱਖ-ਵੱਖ ਮੱਠਾਂ ਦਾ ਦੌਰਾ ਕਰਦਾ ਰਿਹਾ। ਅਜਿਹੀ ਹੀ ਇੱਕ ਯਾਤਰਾ 'ਤੇ ਮੈਂ ਲਹਾਸਾ ਤੋਂ ਕੁਝ ਦੂਰ ਉੱਤਰ ਵੱਲ, ਸਾਬਕਾ ਰੀਜੈਂਟ ਦੀ ਸੀਟ, ਰੇਲਿੰਗ ਮੱਠ ਗਿਆ। ਜਾਣ ਤੋਂ ਥੋੜ੍ਹੀ ਦੇਰ ਪਹਿਲਾਂ ਮੈਨੂੰ ਇੱਕ ਮਹੱਤਵਪੂਰਨ ਤਿੱਬਤੀ ਤੋਂ ਇੱਕ ਪੱਤਰ ਮਿਲਿਆ ਜੋ ਪਹਿਲਾਂ ਹੀ ਜਲਾਵਤਨੀ ਵਿੱਚ ਰਹਿ ਰਿਹਾ ਸੀ।

ਪਰ ਲਹਾਸਾ ਵਿੱਚ ਹਾਲਾਤ ਇੰਨੇ ਗੰਭੀਰ ਹੋ ਗਏ ਸਨ ਕਿ ਮੈਨੂੰ ਸ਼ੱਕ ਹੋਣ ਲੱਗ ਪਿਆ ਸੀ ਅਤੇ ਮੈਂ ਇਸਨੂੰ ਖੋਲ੍ਹਣ ਦੀ ਬਜਾਏ, ਇਸਨੂੰ ਆਪਣੇ ਕੋਲ ਰੱਖਿਆ ਅਤੇ ਰਾਤ ਨੂੰ ਰੇਲਿੰਗ ਵੱਲ ਰਵਾਨਾ ਹੋਣ ਤੱਕ ਇਸਨੂੰ ਧਿਆਨ ਨਾਲ ਆਪਣੇ ਸਿਰਹਾਣੇ ਹੇਠਾਂ ਰੱਖਿਆ।

ਸ਼ਹਿਰ ਤੋਂ ਬਾਹਰ ਨਿਕਲਣਾ, ਚੀਨੀ ਅਧਿਕਾਰੀਆਂ ਨਾਲ ਨਜਿੱਠਣ ਦੇ ਪਾਗਲਪਨ ਤੋਂ ਦੂਰ ਰਹਿਣਾ ਅਤੇ ਉਨ੍ਹਾਂ ਦੁਆਰਾ ਕੀਤੇ ਜਾ ਰਹੇ ਨੁਕਸਾਨ ਨੂੰ ਰੋਕਣ ਦੀ ਕੋਸ਼ਿਸ਼ ਕਰਨਾ, ਇੱਕ ਬਹੁਤ ਵੱਡੀ ਰਾਹਤ ਸੀ। ਆਮ ਵਾਂਗ ਮੈਂ ਜਿੰਨਾ ਹੋ ਸਕੇ ਸਮਝਦਾਰੀ ਅਤੇ ਗੁਪਤ ਯਾਤਰਾ ਕੀਤੀ। ਇਸ ਤਰ੍ਹਾਂ ਮੈਂ ਸਥਾਨਕ ਲੋਕਾਂ ਨੂੰ ਮਿਲ ਸਕਿਆ ਅਤੇ ਉਨ੍ਹਾਂ ਦੀ ਗੱਲ ਸੁਣ ਸਕਿਆ। ਰੇਲਿੰਗ ਦੇ ਨੇੜੇ ਇੱਕ ਖਾਸ ਮੌਕੇ 'ਤੇ, ਮੈਂ ਇੱਕ ਚਰਵਾਹੇ ਨਾਲ ਗੱਲਬਾਤ ਵਿੱਚ ਸ਼ਾਮਲ ਹੋ ਗਿਆ। ਉਸਨੇ ਪੁੱਛਿਆ, "ਤੁਸੀਂ ਕੌਣ ਹੋ?" ਉਹ ਇੱਕ ਲੰਮਾ, ਮਜ਼ਬੂਤ ਆਦਮੀ ਸੀ ਜਿਸਦੇ ਵਾਲ ਯਾਕ ਵਰਗੇ ਵਾਲ ਸਨ। ਮੈਂ ਜਵਾਬ ਦਿੱਤਾ, "ਦਲਾਈ ਲਾਮਾ ਦਾ ਸੇਵਕ।" ਅਸੀਂ ਉੱਥੇ ਉਸਦੇ ਪਿੰਡ ਦੇ ਜੀਵਨ ਅਤੇ ਭਵਿੱਖ ਲਈ ਉਸਦੇ ਡਰ ਬਾਰੇ ਗੱਲ ਕੀਤੀ। ਉਸਨੇ ਚੀਨੀਆਂ ਬਾਰੇ ਬਹੁਤ ਘੱਟ ਸੁਣਿਆ ਸੀ ਅਤੇ ਕਦੇ ਲਹਾਸਾ ਨਹੀਂ ਗਿਆ ਸੀ। ਉਹ ਹਾਸ਼ੀਏ ਦੀ ਰਹਿੰਦ-ਖੂੰਹਦ ਤੋਂ ਆਪਣੀ ਰੋਜ਼ੀ-

ਰੋਟੀ ਕਮਾਉਣ ਵਿੱਚ ਇੰਨਾ ਰੁੱਝਿਆ ਹੋਇਆ ਸੀ ਕਿ ਉਸਨੂੰ ਸ਼ਹਿਰਾਂ ਅਤੇ ਦੂਰ-ਦੁਰਾਡੇ ਵਿੱਚ ਕੀ ਹੋ ਰਿਹਾ ਹੈ ਇਸਦੀ ਪਰਵਾਹ ਨਹੀਂ ਸੀ।

ਉਸਦੀ ਸਾਦਗੀ ਦੇ ਬਾਵਜੂਦ, ਮੈਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਈ ਕਿ ਉਸਦੀ ਧਾਰਮਿਕ ਆਸਥਾ ਡੂੰਘੀ ਸੀ ਅਤੇ ਇਸ ਦੂਰ-ਦੁਰਾਡੇ ਇਲਾਕੇ ਵਿੱਚ ਵੀ ਬੁੱਧ ਧਰਮ ਵਧਿਆ-ਫੁੱਲਿਆ। ਉਹ ਕੁਦਰਤ ਅਤੇ ਵਾਤਾਵਰਣ ਦੇ ਅਨੁਸਾਰ ਇੱਕ ਸਾਦਾ ਕਿਸਾਨ ਜੀਵਨ ਜੀ ਰਿਹਾ ਸੀ, ਪਰ ਉਸ ਸਮੇਂ ਉਸਦੀ ਦੂਰੀ ਤੋਂ ਬਹੁਤ ਦੂਰ ਦੀ ਦੁਨੀਆਂ ਵਿੱਚ ਬਹੁਤ ਘੱਟ ਦਿਲਚਸਪੀ ਸੀ। ਮੈਂ ਉਸਨੂੰ ਸਥਾਨਕ ਸਰਕਾਰੀ ਅਧਿਕਾਰੀਆਂ ਨਾਲ ਉਸਦੇ ਤਜ਼ਰਬਿਆਂ ਬਾਰੇ ਸਵਾਲ ਪੁੱਛੇ। ਉਸਨੇ ਕਿਹਾ ਕਿ ਉਨ੍ਹਾਂ ਵਿੱਚੋਂ ਜ਼ਿਆਦਾਤਰ ਨਿਰਪੱਖ ਸਨ, ਹਾਲਾਂਕਿ ਉਨ੍ਹਾਂ ਵਿੱਚ ਕਾਫ਼ੀ ਕੁਝ ਨੌਕਰਸ਼ਾਹ ਸਨ। ਮੈਨੂੰ ਗੱਲਬਾਤ ਦਾ ਬਹੁਤ ਆਨੰਦ ਆਇਆ। ਇਸਨੇ ਮੈਨੂੰ ਲਾਭਦਾਇਕ ਸੂਝ ਦਿੱਤੀ। ਸਭ ਤੋਂ ਵੱਧ, ਮੈਂ ਸਿੱਖਿਆ ਕਿ ਇਹ ਆਦਮੀ ਸਿੱਖਿਆ ਤੋਂ ਪੂਰੀ ਤਰ੍ਹਾਂ ਵਾਂਝਾ ਹੋਣ ਦੇ ਬਾਵਜੂਦ ਅਤੇ ਘੱਟ ਭੌਤਿਕ ਸਹੂਲਤਾਂ ਹੋਣ ਦੇ ਬਾਵਜੂਦ ਸੰਤੁਸ਼ਟ ਸੀ, ਇਹ ਚੰਗੀ ਤਰ੍ਹਾਂ ਜਾਣਦਾ ਸੀ ਕਿ ਉਸਦਾ ਜੀਵਨ ਉਹੀ ਰਹੇਗਾ ਜਿਵੇਂ ਇਹ ਉਸਦੇ ਅਣਗਿਣਤ ਪੁਰਖਿਆਂ ਲਈ ਸੀ ਅਤੇ,

100 ਆਜ਼ਾਦ ਸ਼ਰਨਾਰਥੀ

ਬਿਨਾਂ ਸ਼ੱਕ ਉਸਦੇ ਪੁੱਤਰਾਂ ਅਤੇ ਪੋਤੇ-ਪੋਤੀਆਂ ਲਈ ਵੀ ਉਹੀ ਰਹੇਗਾ। ਮੈਂ ਇਹ ਵੀ ਸਿੱਖਿਆ ਕਿ ਵਿਸ਼ਵ ਦਾ ਇਹ ਦ੍ਰਿਸ਼ਟੀਕੋਣ ਭਬੂਤ ਜ਼ਿਆਦਾ ਠੀਕ ਨਹੀਂ, ਕਿ ਤਿੱਬਤ ਆਪਣੀ ਸ਼ਾਂਤੀਪੂਰਨ ਇਕੱਲਤਾ ਵਿੱਚ ਲੰਬੇ ਸਮੇਂ ਤੱਕ ਨਹੀਂ ਰਹਿ ਸਕਦਾ, ਭਾਵੇਂ ਕਮਿਊਨਿਸਟ ਚੀਨੀਆਂ ਨਾਲ ਨਤੀਜੇ ਕੁਝ ਵੀ ਹੋਣ, ਜਦੋਂ ਅਸੀਂ ਅੰਤ ਵਿੱਚ ਵੱਖ ਹੋਏ, ਤਾਂ ਅਜਿਹਾ ਮਹਿਸੂਸ ਹੋਇਆ ਜਿਵੇਂ ਅਸੀਂ ਪੱਕੇ ਦੋਸਤ ਹਾਂ।

ਪਰ ਕਹਾਣੀ ਜਾਰੀ ਹੈ। ਇਉਂ ਹੋਇਆ ਕਿ ਅਗਲੇ ਦਿਨ ਮੈਨੂੰ ਲੋਕਾਂ ਨੂੰ ਸੰਬੋਧਨ ਕਰਨ ਅਤੇ ਉਨ੍ਹਾਂ ਨੂੰ ਅਸ਼ੀਰਵਾਦ ਦੇਣ ਲਈ ਅਗਲੇ ਪਿੰਡ ਵਿੱਚ ਸੱਦਾ ਦਿੱਤਾ ਗਿਆ। ਮੇਰੇ ਲਈ ਇੱਕ ਤਖ਼ਤ ਬਣਾਇਆ ਗਿਆ ਅਤੇ ਸੈਂਕੜੇ ਲੋਕ ਇਕੱਠੇ ਹੋਏ। ਪਹਿਲਾਂ ਤਾਂ ਸਭ ਕੁਝ ਠੀਕ ਰਿਹਾ, ਪਰ ਆਲੇ-ਦੁਆਲੇ ਦੇਖਦਿਆਂ ਮੈਂ ਆਪਣੇ ਕੱਲ੍ਹ ਦੇ ਦੋਸਤ ਨੂੰ

ਦਰਸ਼ਕਾਂ ਵਿੱਚ ਹੈਰਾਨ ਚਿਹਰੇ ਨਾਲ ਦੇਖਿਆ। ਉਸਨੂੰ ਆਪਣੀਆਂ ਅੱਖਾਂ 'ਤੇ ਵਿਸ਼ਵਾਸ ਨਹੀਂ ਹੋ ਰਿਹਾ ਸੀ। ਮੈਂ ਉਸ ਵੱਲ ਮੁਸਕਰਾਇਆ, ਪਰ ਉਹ ਖਾਲੀ ਨਜ਼ਰਾਂ ਨਾਲ ਦੇਖਦਾ ਰਿਹਾ। ਅੱਜ ਮੈਨੂੰ ਉਸਨੂੰ ਬੁੱਧ ਬਣਾਉਣ ਦਾ ਪਛਤਾਵਾ ਹੈ।

ਜਦੋਂ ਮੈਂ ਅਸਲ ਵਿੱਚ ਰੇਲਿੰਗ ਮੱਠ ਪਹੁੰਚਿਆ ਅਤੇ ਇਸਦੀ ਸਭ ਤੋਂ ਮਹੱਤਵਪੂਰਨ ਮੂਰਤੀ ਨੂੰ ਸ਼ਰਧਾਂਜਲੀ ਦੇਣ ਆਇਆ ਤਾਂ ਮੈਨੂੰ ਯਾਦ ਹੈ ਕਿ ਬਿਨਾਂ ਕਿਸੇ ਖਾਸ ਕਾਰਨ ਦੇ ਬਹੁਤ ਭਾਵੁਕ ਹੋ ਗਿਆ ਸੀ। ਮੈਨੂੰ ਇਸ ਜਗ੍ਹਾ ਨਾਲ ਇੱਕ ਸ਼ਕਤੀਸ਼ਾਲੀ ਸਬੰਧ ਮਹਿਸੂਸ ਹੋਇਆ। ਉਦੋਂ ਤੋਂ ਮੈਂ ਅਕਸਰ ਰੇਲਿੰਗ 'ਵਿੱਚ ਇੱਕ ਝੌਂਪੜੀ ਬਣਾਉਣ ਅਤੇ ਆਪਣੀ ਬਾਕੀ ਦੀ ਜ਼ਿੰਦਗੀ ਉੱਥੇ ਬਿਤਾਉਣ ਬਾਰੇ ਸੋਚਦਾ ਸੀ।

1956 ਦੀਆਂ ਗਰਮੀਆਂ ਦੌਰਾਨ ਇੱਕ ਘਟਨਾ ਵਾਪਰੀ ਜਿਸਨੇ ਮੈਨੂੰ ਬਹੁਤ ਦੁੱਖ ਦਿੱਤਾ। 'ਖੰਪਾ-ਅਮਦੋਵਾ ਆਜ਼ਾਦੀ ਘੁਲਾਟੀ' ਗੱਠਜੋੜ ਨੇ ਕਾਫ਼ੀ ਸਫਲਤਾ ਪ੍ਰਾਪਤ ਕਰਨੀ ਸ਼ੁਰੂ ਕਰ ਦਿੱਤੀ। ਮਈ-ਜੂਨ ਤੱਕ ਬਹੁਤ ਸਾਰੇ ਪੁਲ ਤਬਾਹ ਹੋ ਗਏ ਅਤੇ ਨਾਲ ਹੀ ਚੀਨੀ ਫੌਜੀ ਸੜਕ ਦੇ ਕਈ ਹਿੱਸੇ ਵੀ ਤਬਾਹ ਹੋ ਗਏ। ਨਤੀਜੇ ਵਜੋਂ ਚੀਨੀ ਫੌਜ ਨੇ 40,000 ਹੋਰ ਫੌਜਾਂ ਲਿਆਉਣ ਦੀ ਯੋਜਨਾ ਬਣਾਈ। ਅਤੇ ਇਹੀ ਉਹੀ ਸੀ ਜਿਸਦਾ ਮੈਨੂੰ ਡਰ ਸੀ। ਲੜਾਈ ਭਾਵੇਂ ਕਿੰਨੀ ਵੀ ਸਫਲ ਕਿਉਂ ਨਾ ਹੋਵੇ, ਅੰਤ ਵਿੱਚ ਚੀਨੀ ਸਿਰਫ਼ ਵੱਡੀ ਗਿਣਤੀ ਅਤੇ ਉੱਤਮ ਹਥਿਆਰਾਂ ਨਾਲ ਹੀ ਜਿੱਤ ਸਕਦੇ ਸਨ। ਮੈਨੂੰ ਖਾਮ ਦੇ ਲਿਥਾਂਗ ਵਿਖੇ ਮੱਠ 'ਤੇ ਹਵਾਈ ਬੰਬਾਰੀ ਦਾ ਅੰਦਾਜ਼ਾ ਨਹੀਂ ਸੀ। ਜਦੋਂ ਮੈਂ ਇਸ ਬਾਰੇ ਸੁਣਿਆ ਤਾਂ ਮੈਂ ਰੋ ਪਿਆ। ਮੈਂ ਕਲਪਨਾ ਵੀ ਨਹੀਂ ਕਰ ਸਕਦਾ ਸੀ ਕਿ ਮਨੁੱਖ ਆਪਸ ਵਿੱਚ ਅਜਿਹੇ ਜ਼ੁਲਮ ਕਰ ਸਕਦੇ ਹਨ।

ਇਸ ਬੰਬਾਰੀ ਤੋਂ ਬਾਅਦ ਉਨ੍ਹਾਂ ਔਰਤਾਂ ਅਤੇ ਬੱਚਿਆਂ 'ਤੇ ਬੇਰਹਿਮ ਅਤਿਆਚਾਰ ਸ਼ੁਰੂ ਹੋ ਗਏ ਜਿਨ੍ਹਾਂ ਦੇ ਪਿਤਾ ਅਤੇ ਪਤੀ ਵਿਰੋਧ-ਅੰਦੋਲਨ ਵਿੱਚ ਹਿੱਸਾ ਲੈ ਚੁੱਕੇ ਸਨ। ਇਹ ਅਵਿਸ਼ਵਾਸ਼ਯੋਗ ਸੀ ਕਿ ਭਿਕਸ਼ੂਆਂ ਅਤੇ ਨਨਾਂ ਨਾਲ ਇੰਨੇ ਘਿਣਾਉਣੇ ਤਰੀਕੇ ਨਾਲ ਦੁਰਵਿਵਹਾਰ ਕੀਤਾ ਜਾ ਰਿਹਾ ਸੀ। ਗ੍ਰਿਫ਼ਤਾਰ ਕੀਤੇ ਜਾਣ ਤੋਂ ਬਾਅਦ, ਇਨ੍ਹਾਂ ਸਧਾਰਨ ਧਾਰਮਿਕ ਆਦਮੀਆਂ ਨੂੰ ਜਨਤਕ ਤੌਰ 'ਤੇ ਇੱਕ ਦੂਜੇ ਦਾ ਅਪਮਾਨ ਕਰਨ ਅਤੇ ਲੋਕਾਂ ਨੂੰ ਮਾਰਨ ਲਈ ਮਜਬੂਰ ਕੀਤਾ ਗਿਆ। ਮੈਨੂੰ ਨਹੀਂ ਪਤਾ ਸੀ ਕਿ ਕੀ ਕਰਨਾ ਹੈ। ਪਰ ਮੈਨੂੰ ਕੁਝ ਕਰਨਾ ਸੀ । ਮੈਂ ਤੁਰੰਤ ਜਨਰਲ ਚਿਆਂਗ ਕੁਓ-ਹਾ

ਨਾਲ ਮੁਲਾਕਾਤ ਲਈ ਕਿਹਾ। ਮੈਂ ਉਸਨੂੰ ਦੱਸਿਆ ਕਿ ਮੈਂ ਖੁਦ ਚੇਅਰਮੈਨ ਮਾਓ ਨੂੰ ਇੱਕ ਪੱਤਰ ਲਿਖਣ ਦੀ ਯੋਜਨਾ ਬਣਾ ਰਿਹਾ ਹਾਂ। "ਜੇਕਰ ਇਹ ਤੁਹਾਡਾ ਵਿਵਹਾਰ ਹੈ, ਤਾਂ ਤੁਸੀਂ ਤਿੱਬਤੀਆਂ ਤੋਂ ਚੀਨੀਆਂ 'ਤੇ ਭਰੋਸਾ ਕਿਵੇਂ ਕਰਨ ਦੀ ਉਮੀਦ ਕਰ ਸਕਦੇ ਹੋ?" ਮੈਂ ਪੁੱਛਿਆ। ਮੈਂ ਉਸਨੂੰ ਬਿਨਾਂ ਕਿਸੇ ਸ਼ੱਕ ਦੇ ਕਿਹਾ ਕਿ ਅਜਿਹਾ ਕਰਨਾ ਉਸਦੇ ਲਈ ਬਹੁਤ ਗਲਤ ਸੀ। ਪਰ ਇਸਨੇ ਸਿਰਫ ਵਿਵਾਦ ਸ਼ੁਰੂ ਕੀਤਾ।

ਨਹਿਰੂ ਨੂੰ ਝਟਕਾ 101

ਮੇਰੀ ਆਲੋਚਨਾ 'ਮਾਤ ਭੂਮੀ' ਦਾ ਅਪਮਾਨ ਸੀ। ਚੀਨ ਸਿਰਫ਼ ਮੇਰੇ ਲੋਕਾਂ ਨੂੰ ਸੁਰੱਖਿਆ ਅਤੇ ਸਮਰਥਨ ਦੇਣਾ ਚਾਹੁੰਦਾ ਸੀ। ਜੇਕਰ ਮੇਰੇ ਦੇਸ਼ ਦੇ ਕੁਝ ਲੋਕ ਅਜਿਹੇ ਸੁਧਾਰ ਨਹੀਂ ਚਾਹੁੰਦੇ ਸਨ ਜੋ ਵੱਡੇ ਸਮੂਹ ਨੂੰ ਲਾਭ ਪਹੁੰਚਾਉਣ ਅਤੇ ਉਨ੍ਹਾਂ ਨੂੰ ਸ਼ੋਸ਼ਣ ਤੋਂ ਬਚਾਉਣ, ਤਾਂ ਉਹ ਸਜ਼ਾ ਦੇ ਹੱਕਦਾਰ ਸਨ। ਉਸਦਾ ਤਰਕ ਹਾਸੋਹੀਣਾ ਸੀ। ਮੈਂ ਉਸਨੂੰ ਕਿਹਾ ਕਿ ਇਹ ਕਿਸੇ ਵੀ ਤਰ੍ਹਾਂ ਨਿਰਦੋਸ਼ ਲੋਕਾਂ ਦੇ ਅਤਿਆਚਾਰ ਨੂੰ ਜਾਇਜ਼ ਨਹੀਂ ਠਹਿਰਾਉਂਦਾ, ਉਨ੍ਹਾਂ 'ਤੇ ਹਵਾਈ ਬੰਬ ਸੁੱਟਣ ਦੀ ਤਾਂ ਗੱਲ ਹੀ ਛੱਡ ਦਿਓ।

ਇਹ ਬੇਸ਼ੱਕ ਇੱਕ ਵਿਅਰਥ ਅਭਿਆਸ ਸੀ। ਜਨਰਲ ਅਡੋਲ ਸੀ। ਮੇਰੀ ਇੱਕੋ ਇੱਕ ਉਮੀਦ ਸੀ ਕਿ ਚੇਅਰਮੈਨ ਮਾਓ ਇਹ ਦੇਖਣਗੇ ਕਿ ਉਸਦੇ ਅਧੀਨ ਅਧਿਕਾਰੀ ਉਸਦੇ ਨਿਰਦੇਸ਼ਾਂ ਦੀ ਉਲੰਘਣਾ ਕਰ ਰਹੇ ਹਨ।

ਮੈਂ ਸਿੱਧਾ ਇੱਕ ਪੱਤਰ ਭੇਜਿਆ। ਕੋਈ ਜਵਾਬ ਨਹੀਂ ਮਿਲਿਆ। ਇਸ ਲਈ ਮੈਂ ਅਧਿਕਾਰਤ ਚੈਨਲਾਂ ਰਾਹੀਂ ਇੱਕ ਹੋਰ ਪੱਤਰ ਭੇਜਿਆ। ਮੈਂ ਫੁਤਸੋਕ ਵਾਂਗਿਆਲ ਨੂੰ ਵੀ ਮਾਓ ਨੂੰ ਨਿੱਜੀ ਤੌਰ 'ਤੇ ਤੀਜਾ ਪੱਤਰ ਭੇਜਣ ਲਈ ਮਨਾ ਲਿਆ। ਪਰ ਇਹ ਵੀ

ਬਿਨਾਂ ਰਸੀਦ ਦੇ ਚਲਾ ਆਇਆ। ਜਿਵੇਂ-ਜਿਵੇਂ ਹਫ਼ਤੇ ਬੀਤਦੇ ਗਏ ਅਤੇ ਮੈਨੂੰ ਅਜੇ ਵੀ ਬੀਜਿੰਗ ਤੋਂ ਕੋਈ ਖ਼ਬਰ ਨਹੀਂ ਮਿਲੀ, ਮੈਨੂੰ ਪਹਿਲੀ ਵਾਰ ਚੀਨੀ ਲੀਡਰਸ਼ਿਪ ਦੇ ਇਰਾਦਿਆਂ 'ਤੇ ਸੱਚਮੁੱਚ ਸ਼ੱਕ ਹੋਣ ਲੱਗਾ। ਇਸਨੇ ਮੈਨੂੰ ਹਿਲਾ ਕੇ ਰੱਖ ਦਿੱਤਾ। ਚੀਨ ਦੀ ਮੇਰੀ ਯਾਤਰਾ ਅਤੇ ਇਸ ਦੇ ਮੇਰੇ 'ਤੇ ਛੱਡੇ ਗਏ ਨਕਾਰਾਤਮਕ ਪ੍ਰਭਾਵ ਤੋਂ ਬਾਅਦ, ਕਮਿਊਨਿਸਟਾਂ ਪ੍ਰਤੀ ਮੇਰਾ ਨਜ਼ਰੀਆ ਅਜੇ ਵੀ ਮੂਲ ਰੂਪ ਵਿੱਚ ਸਕਾਰਾਤਮਕ ਸੀ, ਹਾਲਾਂਕਿ ਮੈਂ ਹੁਣ ਚੇਅਰਮੈਨ ਮਾਓ ਦੇ ਸ਼ਬਦਾਂ ਨੂੰ ਇੱਕ ਸਤਰੰਗੀ ਪੀਂਘ ਦੇ ਰੂਪ ਵਿੱਚ ਦੇਖਦਾ ਸੀ, ਸੁੰਦਰ ਪਰ ਅਰਥਹੀਣ।

ਫੁਤਸੋਕ ਵਾਂਗਿਆਲ ਪੀ.ਸੀ.ਏ.ਆਰ.ਟੀ. ਦੇ ਉਦਘਾਟਨ ਲਈ ਸਮੇਂ ਸਿਰ ਲਹਾਸਾ ਪਹੁੰਚ ਗਿਆ ਸੀ। ਮੈਂ ਉਸਨੂੰ ਦੁਬਾਰਾ ਦੇਖ ਕੇ ਬਹੁਤ ਖੁਸ਼ ਸੀ। ਉਹ ਹਮੇਸ਼ਾ ਕਮਿਊਨਿਜ਼ਮ ਪ੍ਰਤੀ ਵਚਨਬੱਧ ਰਿਹਾ ਸੀ। ਅਪ੍ਰੈਲ ਦੇ ਜਸ਼ਨਾਂ ਤੋਂ ਬਾਅਦ ਉਹ ਕੁਝ ਮਹੱਤਵਪੂਰਨ ਚੀਨੀ ਅਧਿਕਾਰੀਆਂ ਨਾਲ ਬਾਹਰਲੇ ਜ਼ਿਲ੍ਹਿਆਂ ਦੀ ਯਾਤਰਾ 'ਤੇ ਗਿਆ। ਵਾਪਸੀ 'ਤੇ ਉਸਨੇ ਮੈਨੂੰ ਇੱਕ ਦਿਲਚਸਪ ਕਹਾਣੀ ਸੁਣਾਈ। ਇੱਕ ਦੂਰ-ਦੁਰਾਡੇ ਖੇਤੀਬਾੜੀ ਭਾਈਚਾਰੇ ਵਿੱਚ ਰਹਿਣ ਵਾਲੇ ਇੱਕ ਕਿਸਾਨ ਨੂੰ ਇੱਕ ਉੱਚ ਚੀਨੀ ਅਧਿਕਾਰੀ ਨੇ ਪੁੱਛਿਆ ਕਿ ਉਹ ਨਵੀਂ ਸਰਕਾਰ ਪ੍ਰਣਾਲੀ ਬਾਰੇ ਕੀ ਸੋਚਦਾ ਹੈ। ਆਦਮੀ ਨੇ ਜਵਾਬ ਦਿੱਤਾ ਕਿ ਉਹ ਪੂਰੀ ਤਰ੍ਹਾਂ ਖੁਸ਼ ਸੀ, "ਇੱਕ ਨਵੀਂ ਚੀਜ਼ ਨੂੰ ਛੱਡ ਕੇ। ਇਹ ਨਵਾਂ ਟੈਕਸ ਹੈ।" ਅਧਿਕਾਰੀ ਨੇ ਪੁੱਛਿਆ, "ਕਿਹੜਾ ਨਵਾਂ ਟੈਕਸ?" ਉਸਨੇ ਕਿਹਾ, "ਤਾੜੀਆਂ ਵਜਾਓ ਟੈਕਸ। ਜਦੋਂ ਵੀ ਕੋਈ ਚੀਨੀ ਅਧਿਕਾਰੀ ਮਿਲਣ ਆਉਂਦਾ ਹੈ ਤਾਂ ਸਾਨੂੰ ਸਾਰਿਆਂ ਨੂੰ ਤਾੜੀਆਂ ਵਜਾਉਣ ਲਈ ਮਜਬੂਰ ਕੀਤਾ ਜਾਂਦਾ ਹੈ।"

ਮੈਨੂੰ ਹਮੇਸ਼ਾ ਲੱਗਦਾ ਸੀ ਕਿ ਜਿੰਨਾ ਚਿਰ ਚੇਅਰਮੈਨ ਮਾਓ ਫੁਤਸੋਕ ਵਾਂਗਿਆਲ ਵਿੱਚ ਵਿਸ਼ਵਾਸ ਰੱਖਦੇ ਹਨ, ਤਿੱਬਤ ਲਈ ਉਮੀਦ ਹੈ। ਜਦੋਂ ਉਹ ਇੱਕ ਵਾਰ ਫਿਰ ਬੀਜਿੰਗ ਲਈ ਰਵਾਨਾ ਹੋਏ, ਮੈਂ ਜਨਰਲ ਚਿਆਂਗ ਚਿਨ-ਵੋ ਨੂੰ ਬੇਨਤੀ ਕੀਤੀ ਕਿ ਉਹ ਉਸਨੂੰ ਪਾਰਟੀ ਸਕੱਤਰ ਵਜੋਂ ਤਿੱਬਤ ਭੇਜਣ। ਪਹਿਲਾਂ ਤਾਂ ਸਿਧਾਂਤਕ ਤੌਰ 'ਤੇ ਇਸ 'ਤੇ ਸਹਿਮਤੀ ਹੋ ਗਈ, ਪਰ ਬਹੁਤ ਉਡੀਕ ਕਰਨ ਤੋਂ ਬਾਅਦ ਕੋਈ ਜਵਾਬ ਨਹੀਂ ਮਿਲਿਆ।

1957 ਦੇ ਅੰਤ ਵਿੱਚ ਇੱਕ ਚੀਨੀ ਅਧਿਕਾਰੀ ਨੇ ਮੈਨੂੰ ਦੱਸਿਆ ਕਿ ਫੁਤਸੋਕ ਵਾਂਗਿਆਲ ਹੁਣ ਤਿੱਬਤ ਨਹੀਂ ਆਵੇਗਾ ਕਿਉਂਕਿ ਉਹ ਇੱਕ ਖਤਰਨਾਕ ਆਦਮੀ ਸੀ। ਮੈਂ ਇਹ

ਸੁਣ ਕੇ ਹੈਰਾਨ ਰਹਿ ਗਿਆ, ਕਿਉਂਕਿ ਮੈਂ ਜਾਣਦਾ ਸੀ ਕਿ ਚੇਅਰਮੈਨ ਮਾਓ ਉਸਨੂੰ ਬਹੁਤ ਸਤਿਕਾਰ ਦਿੰਦੇ ਸਨ। ਅਧਿਕਾਰੀ ਨੇ ਕਈ ਕਾਰਨ ਦੱਸੇ। ਉਨ੍ਹਾਂ ਵਿੱਚੋਂ ਸਭ ਤੋਂ ਪਹਿਲਾਂ ਅਤੇ ਸਭ ਤੋਂ ਮਹੱਤਵਪੂਰਨ ਇਹ ਸੀ ਕਿ

102 ਆਜ਼ਾਦ ਸ਼ਰਨਾਰਥੀ

ਲਹਾਸਾ ਆਉਣ ਤੋਂ ਪਹਿਲਾਂ, ਜਦੋਂ ਉਹ ਖਾਮ ਵਿੱਚ ਰਹਿ ਰਿਹਾ ਸੀ, ਉਸਨੇ ਇੱਕ ਵੱਖਰੀ ਤਿੱਬਤੀ ਕਮਿਊਨਿਸਟ ਪਾਰਟੀ ਬਣਾਈ ਸੀ ਜਿਸਦੀ ਮੈਂਬਰਸ਼ਿਪ ਚੀਨੀ ਕੌਮੀਅਤ ਵਾਲਿਆਂ ਲਈ ਖੁੱਲ੍ਹੀ ਨਹੀਂ ਸੀ। ਇਸ ਅਪਰਾਧ ਲਈ ਉਸਨੂੰ ਡਿਮੋਟ ਕਰ ਦਿੱਤਾ ਗਿਆ ਸੀ ਅਤੇ ਤਿੱਬਤ ਵਾਪਸ ਜਾਣ ਤੋਂ ਰੋਕ ਦਿੱਤਾ ਗਿਆ ਸੀ। ਮੈਨੂੰ ਇਹ ਸੁਣ ਕੇ ਦੁੱਖ ਹੋਇਆ। ਅਤੇ ਅਗਲੇ ਸਾਲ ਇਹ ਸੁਣ ਕੇ ਹੋਰ ਵੀ ਦੁੱਖ ਹੋਇਆ ਕਿ ਮੇਰੇ ਪੁਰਾਣੇ ਦੋਸਤ ਨੂੰ ਉਸਦੀ ਪਦਵੀ ਤੋਂ ਵਾਂਝਾ ਕਰ ਦਿੱਤਾ ਗਿਆ ਅਤੇ ਕੈਦ ਕਰ ਦਿੱਤਾ ਗਿਆ। ਅੰਤ ਵਿੱਚ ਉਹ ਜੇਲ੍ਹ ਚਲਾ ਗਿਆ ਜਿੱਥੇ ਉਹ 1970 ਦੇ ਦਹਾਕੇ ਦੇ ਅਖੀਰ ਤੱਕ ਅਧਿਕਾਰਤ ਤੌਰ 'ਤੇ ਸੰਪਰਕ ਤੋਂ ਬਾਹਰ ਰਿਹਾ। ਇਹ ਉਸਦੇ ਇੱਕ ਇਮਾਨਦਾਰ ਅਤੇ ਸਮਰਪਿਤ ਕਮਿਊਨਿਸਟ ਹੋਣ ਦੇ ਬਾਵਜੂਦ ਸੀ, ਜਿਵੇਂ ਕਿ ਕੋਈ ਦੱਸ ਸਕਦਾ ਹੈ। ਇਸਨੇ ਮੈਨੂੰ ਅਹਿਸਾਸ ਕਰਵਾਇਆ ਕਿ ਚੀਨੀ ਨੇਤਾ ਸੱਚੇ ਮਾਰਕਸਵਾਦੀ ਨਹੀਂ ਹਨ ਜੋ ਸਾਰਿਆਂ ਲਈ ਇੱਕ ਬਿਹਤਰ ਦੁਨੀਆ ਲਈ ਵਚਨਬੱਧ ਹਨ ਪਰ ਅਸਲ ਵਿੱਚ ਡੂੰਘੇ ਰਾਸ਼ਟਰਵਾਦੀ ਹਨ। ਦਰਅਸਲ ਉਹ ਤੰਗ ਸੋਚ ਵਾਲੇ ਕੱਟੜਪੰਥੀ ਹਨ ਅਤੇ ਕਮਿਊਨਿਸਟ ਹੋਣ ਦਾ ਦਿਖਾਵਾ ਕਰਨ ਵਾਲੇ ਅੰਨ੍ਹੇ ਦੇਸ਼ ਭਗਤ ਚੀਨੀ ਲੋਕਾਂ ਤੋਂ ਵੱਧ ਕੁਝ ਨਹੀਂ।

ਫੁਤਸੋਕ ਵਾਂਗਿਆਲ ਅਜੇ ਵੀ ਜ਼ਿੰਦਾ ਹੈ। ਹਾਲਾਂਕਿ ਉਹ ਹੁਣ ਬਹੁਤ ਬੁੱਢਾ ਹੈ। ਮੈਂ ਉਸਦੀ ਮੌਤ ਤੋਂ ਪਹਿਲਾਂ ਉਸਨੂੰ ਦੁਬਾਰਾ ਮਿਲਣਾ ਚਾਹੁੰਦਾ ਹਾਂ। ਇੱਕ ਪੁਰਾਣੇ, ਤਜਰਬੇਕਾਰ ਤਿੱਬਤੀ ਕਮਿਊਨਿਸਟ ਵਜੋਂ ਮੈਨੂੰ ਅਜੇ ਵੀ ਉਸਦੇ ਲਈ ਬਹੁਤ ਸਤਿਕਾਰ ਹੈ। ਮੌਜੂਦਾ ਚੀਨੀ ਅਧਿਕਾਰੀ ਇਸ ਤੋਂ ਜਾਣੂ ਹਨ। ਮੈਨੂੰ ਅਜੇ ਵੀ ਉਮੀਦ ਹੈ ਕਿ ਅਸੀਂ ਦੁਬਾਰਾ ਮਿਲ ਸਕਦੇ ਹਾਂ।

1956 ਦੀ ਬਸੰਤ ਵਿੱਚ, ਭਾਰਤ ਨਾਲ ਸਾਡੀ ਸਰਹੱਦ ਤੋਂ ਡਰੋਮੋ ਦੇ ਪਾਰ, ਸਿੱਕਮ ਦੇ ਮਹਾਰਾਜ ਕੁਮਾਰ ਲਹਾਸਾ ਆਏ। ਉਹ ਇੱਕ ਖੁਸ਼ਮਿਜ਼ਾਜ, ਲੰਬਾ, ਸ਼ਾਂਤ, ਕੋਮਲ ਅਤੇ

ਵੱਡੇ ਕੰਨਾਂ ਵਾਲਾ ਸ਼ਾਂਤ ਆਦਮੀ ਸੀ। ਉਹ ਆਪਣੇ ਨਾਲ ਮਹਾਬੋਧੀ ਸੋਸਾਇਟੀ ਆਫ਼ ਇੰਡੀਆ ਤੋਂ ਇੱਕ ਲਿਫ਼ਾਫ਼ੇ ਵਿੱਚ ਸ਼ਾਨਦਾਰ ਖ਼ਬਰਾਂ ਲੈ ਕੇ ਆਇਆ, ਜਿਸ ਦੇ ਉਹ ਪ੍ਰਧਾਨ ਸਨ। ਇਹ ਸੰਸਥਾ, ਜੋ ਕਿ ਉਪ-ਮਹਾਂਦੀਪ ਵਿੱਚ ਬੋਧੀਆਂ ਦੀ ਨੁਮਾਇੰਦਗੀ ਕਰਦੀ ਹੈ, ਮੈਨੂੰ ਭਗਵਾਨ ਬੁੱਧ ਦੀ 2500 ਵੀਂ ਜਯੰਤੀ ਦੇ ਮੌਕੇ 'ਤੇ ਬੁੱਧ ਜਯੰਤੀ ਸਮਾਰੋਹ ਵਿੱਚ ਸ਼ਾਮਲ ਹੋਣ ਲਈ ਸੱਦਾ ਦੇ ਰਹੀ ਸੀ।

ਮੈਂ ਬਹੁਤ ਖੁਸ਼ ਸੀ। ਸਾਡੇ ਤਿੱਬਤੀਆਂ ਲਈ, ਭਾਰਤ ਦੇ ਲੋਕਾਂ ਦਾ ਦੇਸ਼ 'ਆਰੀਆਭੂਮੀ' ਹੈ। ਮੈਂ ਸਾਰੀ ਉਮਰ ਉੱਥੇ ਤੀਰਥ ਯਾਤਰਾ ਲਈ ਤਰਸਦਾ ਰਿਹਾ ਸੀ। ਇਹ ਉਹ ਜਗ੍ਹਾ ਸੀ ਜਿੱਥੇ ਮੈਂ ਸਭ ਤੋਂ ਵੱਧ ਜਾਣਾ ਚਾਹੁੰਦਾ ਸੀ। ਅਤੇ ਭਾਰਤ ਦੀ ਯਾਤਰਾ ਮੈਨੂੰ ਪੰਡਿਤ ਨਹਿਰੂ ਅਤੇ ਮਹਾਤਮਾ ਗਾਂਧੀ ਦੇ ਹੋਰ ਉੱਤਰਾਧਿਕਾਰੀਆਂ ਨਾਲ ਗੱਲਬਾਤ ਕਰਨ ਦਾ ਮੌਕਾ ਦੇਵੇਗੀ। ਮੈਂ ਭਾਰਤ ਸਰਕਾਰ ਨਾਲ ਸੰਪਰਕ ਸਥਾਪਤ ਕਰਨਾ ਚਾਹੁੰਦਾ ਸੀ, ਇਹ ਦੇਖਣਾ ਚਾਹੁੰਦਾ ਸੀ ਕਿ ਲੋਕਤੰਤਰ ਕਿਵੇਂ ਕੰਮ ਕਰਦਾ ਹੈ। ਹਾਲਾਂਕਿ ਇੱਕ ਸੰਭਾਵਨਾ ਸੀ ਕਿ ਚੀਨੀ ਮੈਨੂੰ ਜਾਣ ਨਾ ਦੇਣ, ਮੈਨੂੰ ਕੋਸ਼ਿਸ਼ ਕਰਨੀ ਪਈ। ਇਸ ਲਈ ਮੈਂ ਇਹ ਪੱਤਰ ਜਨਰਲ ਫੈਨ ਮਿੰਗ ਕੋਲ ਲੈ ਗਿਆ।

ਬਦਕਿਸਮਤੀ ਨਾਲ, ਸਥਾਨਕ ਚੀਨੀ ਅਧਿਕਾਰੀਆਂ ਵਿੱਚ ਫੈਨ ਮਿੰਗ ਨੂੰ ਮਨਾਉਣਾ ਇੱਕ ਦੂਰ ਦਾ ਸੁਪਨਾ ਸੀ। ਉਸਨੇ ਮੇਰਾ ਬਹੁਤ ਨਿਮਰਤਾ ਨਾਲ ਸਵਾਗਤ ਕੀਤਾ। ਪਰ ਜਦੋਂ ਮੈਂ ਆਪਣੀ ਫੇਰੀ ਦਾ ਕਾਰਨ ਦੱਸਿਆ, ਤਾਂ ਉਹ ਟਾਲ-ਮਟੋਲ ਕਰਨ ਲੱਗ ਪਿਆ । ਉਸਨੂੰ ਇਹ ਇੱਕ ਚੰਗਾ ਵਿਚਾਰ ਨਹੀਂ ਲੱਗਿਆ। ਭਾਰਤ ਵਿੱਚ ਬਹੁਤ ਸਾਰੇ ਪ੍ਰਤੀਕਿਰਿਆਵਾਦੀ ਹਨ। ਇਹ ਇੱਕ ਖ਼ਤਰਨਾਕ ਜਗ੍ਹਾ ਹੈ। ਇਸ ਤੋਂ ਇਲਾਵਾ, ਤਿਆਰੀ ਕਮੇਟੀ ਬਹੁਤ ਵਿਅਸਤ ਸੀ ਅਤੇ ਇਸ ਆਧਾਰ 'ਤੇ ਉਸਨੇ ਕਿਹਾ ਕਿ

ਨਹਿਰੂ ਨੂੰ ਝਟਕਾ 103

ਮੈਨੂੰ ਸ਼ਾਇਦ ਹੀ ਜਾਣ ਦਿੱਤਾ ਜਾਵੇਗਾ। ਉਸਨੇ ਕਿਹਾ, "ਖੈਰ, ਇਹ ਇੱਕ ਧਾਰਮਿਕ ਸਮਾਜ ਵੱਲੋਂ ਸੱਦਾ ਹੈ। ਇਹ ਭਾਰਤ ਸਰਕਾਰ ਵੱਲੋਂ ਖੁਦ ਨਹੀਂ ਭੇਜਿਆ ਜਾਂਦਾ। ਚਿੰਤਾ ਨਾ ਕਰੋ, ਤੁਹਾਨੂੰ ਇਸਨੂੰ ਸਵੀਕਾਰ ਨਹੀਂ ਕਰਨਾ ਚਾਹੀਦਾ।" ਮੈਂ ਬਹੁਤ

ਹੈਰਾਨ ਸੀ। ਇਹ ਸਪੱਸ਼ਟ ਸੀ ਕਿ ਚੀਨੀ ਅਧਿਕਾਰੀਆਂ ਦਾ ਇਰਾਦਾ ਮੈਨੂੰ ਧਾਰਮਿਕ ਫਰਜ਼ ਨਿਭਾਉਣ ਤੋਂ ਵੀ ਰੋਕਣਾ ਸੀ।

ਕਈ ਮਹੀਨਿਆਂ ਦਾ ਸਮਾਂ ਬੀਤ ਗਿਆ ਜਿਸ ਦੌਰਾਨ ਬੁੱਧ ਜਯੰਤੀ ਬਾਰੇ ਕੋਈ ਹੋਰ ਗੱਲ ਨਹੀਂ ਹੋਈ। ਫਿਰ ਅਕਤੂਬਰ ਦੇ ਅੱਧ ਦੇ ਆਸ-ਪਾਸ, ਫੈਨ ਮਿੰਗ ਨੇ ਮੇਰੇ ਨਾਲ ਸੰਪਰਕ ਕੀਤਾ ਅਤੇ ਪੁੱਛਿਆ ਕਿ ਭਾਰਤੀ ਜਾਣਨਾ ਚਾਹੁੰਦੇ ਹਨ ਕਿ ਮੈਂ ਵਫ਼ਦ ਦੇ ਨੇਤਾ ਵਜੋਂ ਕਿਸ ਨੂੰ ਨਾਮਜ਼ਦ ਕਰਨਾ ਚਾਹੁੰਦਾ ਹਾਂ। ਮੈਂ ਜਵਾਬ ਦਿੱਤਾ ਕਿ ਮੈਂ ਆਪਣੇ ਜੂਨੀਅਰ ਮਾਸਟਰ ਤ੍ਰਿਜਾਂਗ ਰਿਨਪੋਚੇ ਨੂੰ ਭੇਜਾਂਗਾ, ਇਹ ਵੀ ਕਿਹਾ ਕਿ ਜਿਵੇਂ ਹੀ ਉਸਨੇ ਹਰੀ ਝੰਡੀ ਦਿੱਤੀ, ਵਫ਼ਦ ਚਲਾ ਜਾਵੇਗਾ। ਦੋ ਹੋਰ ਹਫ਼ਤੇ ਬੀਤ ਗਏ ਅਤੇ ਮੈਂ ਹੌਲੀ-ਹੌਲੀ ਆਪਣੇ ਦਿਮਾਗ ਤੋਂ ਬਾਹਰ ਕੱਢ ਸੀ ਕਿ ਚਿਆਂਗ ਚਿਨ ਵੋ, ਜੋ ਹੁਣੇ ਹੀ ਬੀਜਿੰਗ ਤੋਂ ਵਾਪਸ ਆਇਆ ਸੀ,
ਇਹ ਜਨਰਲ ਸਕੱਤਰ, ਜੋ ਉਸ ਸਮੇਂ ਚੀਨੀ ਸਰਕਾਰ ਦੇ ਇੰਚਾਰਜ ਸਨ, ਮੈਨੂੰ ਦੱਸਣ ਆਏ ਕਿ ਚੀਨੀ ਸਰਕਾਰ ਨੇ ਫੈਸਲਾ ਲਿਆ ਹੈ ਕਿ ਮੇਰੇ ਲਈ ਜਾਣਾ ਸਭ ਤੋਂ ਸਮਝਦਾਰੀ ਹੋਵੇਗੀ। ਮੈਂ ਇੰਨਾ ਖੁਸ਼ ਸੀ ਕਿ ਮੈਨੂੰ ਆਪਣੇ ਕੰਨਾਂ 'ਤੇ ਵਿਸ਼ਵਾਸ ਨਹੀਂ ਹੋ ਰਿਹਾ ਸੀ। ਹਾਲਾਂਕਿ, ਉਸਨੇ ਮੈਨੂੰ ਸਾਵਧਾਨ ਰਹਿਣ ਦੀ ਚੇਤਾਵਨੀ ਦਿੱਤੀ। ਭਾਰਤ ਵਿੱਚ ਬਹੁਤ ਸਾਰੇ ਪ੍ਰਤੀਕਿਰਿਆਸ਼ੀਲ ਤੱਤ ਅਤੇ ਜਾਸੂਸ ਹਨ। ਜੇਕਰ ਤੁਸੀਂ ਉਨ੍ਹਾਂ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰੋਗੇ, ਤਾਂ ਤੁਸੀਂ ਜਾਣੋ ਕਿ ਹੰਗਰੀ ਅਤੇ ਪੋਲੈਂਡ ਵਿੱਚ ਜੋ ਹੋਇਆ ਉਹ ਤਿੱਬਤ ਵਿੱਚ ਵੀ ਹੋਵੇਗਾ। ਉਹ ਉਨ੍ਹਾਂ ਦੇਸ਼ਾਂ ਵਿੱਚ ਵਿਦਰੋਹਾਂ ਪ੍ਰਤੀ ਬੇਰਹਿਮ ਰੂਸੀ ਪ੍ਰਤੀਕਿਰਿਆ ਦਾ ਹਵਾਲਾ ਦੇ ਰਿਹਾ ਸੀ। ਜਦੋਂ ਉਹ ਗੱਲ ਖਤਮ ਕਰ ਚੁੱਕਾ ਸੀ, ਤਾਂ ਮੈਨੂੰ ਲੱਗਾ ਕਿ ਮੈਨੂੰ ਆਪਣੀ ਖੁਸ਼ੀ ਛੁਪਾਉਣੀ ਚਾਹੀਦੀ ਹੈ ਅਤੇ ਹੈਰਾਨ ਦਿਖਣ ਦੀ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਮੈਂ ਦੱਸਿਆ ਕਿ ਮੈਂ ਸਾਮਰਾਜੀਆਂ ਅਤੇ ਪ੍ਰਤੀਕਿਰਿਆਵਾਦੀਆਂ ਬਾਰੇ ਉਸਦੀ ਜਾਣਕਾਰੀ ਤੋਂ ਸੱਚਮੁੱਚ ਹੈਰਾਨ ਸੀ। ਇਸਨੇ ਚਿਆਂਗ ਨੂੰ ਭਰੋਸਾ ਦਿਵਾਇਆ ਅਤੇ ਉਸਨੇ ਸੁਲ੍ਹਾ-ਸਫਾਈ ਵਾਲਾ ਲਹਿਜ਼ਾ ਅਪਣਾਇਆ। "ਜ਼ਿਆਦਾ ਚਿੰਤਾ ਨਾ ਕਰੋ," ਉਸਨੇ ਕਿਹਾ, "ਜੇਕਰ ਕੋਈ ਸਮੱਸਿਆ ਹੈ, ਤਾਂ ਸਾਡਾ ਰਾਜਦੂਤ ਤੁਹਾਡੀ ਮਦਦ ਲਈ ਮੌਜੂਦ ਹੋਵੇਗਾ।" ਇਸ ਦੇ ਨਾਲ ਸਾਡੀ ਮੁਲਾਕਾਤ ਖਤਮ ਹੋ ਗਈ। ਜਨਰਲ ਖੜ੍ਹੇ ਹੋਏ ਅਤੇ ਰਵਾਇਤੀ ਰਸਮੀ ਕਾਰਵਾਈ ਨਾਲ ਮੈਨੂੰ ਵਿਦਾ ਕੀਤਾ। ਜਿਵੇਂ ਹੀ ਉਹ ਚਲਾ ਗਿਆ, ਮੈਂ

ਆਪਣੇ ਨਿੱਜੀ ਸਹਾਇਕਾਂ ਨੂੰ ਸੂਚਿਤ ਕਰਨ ਲਈ ਭੱਜਿਆ ਅਤੇ ਇੰਨਾ ਜ਼ੋਰ ਨਾਲ ਮੁਸਕਰਾਇਆ ਕਿ ਮੇਰਾ ਮੂੰਹ ਮੇਰੇ ਕੰਨਾਂ ਤੱਕ ਚੌੜਾ ਹੋ ਗਿਆ।

ਸਾਡੇ ਜਾਣ ਤੋਂ ਕੁਝ ਦਿਨ ਪਹਿਲਾਂ ਮੈਨੂੰ ਚੀਨੀ ਅਧਿਕਾਰੀਆਂ ਦੇ ਰਵੱਈਏ ਵਿੱਚ ਇੱਕ ਮਜ਼ੇਦਾਰ ਤਬਦੀਲੀ ਦਾ ਅਹਿਸਾਸ ਹੋਇਆ। ਲਹਾਸਾ ਵਿਖੇ ਭਾਰਤੀ ਕੌਂਸਲ ਨੇ ਮੇਰੇ ਸਟਾਫ ਨੂੰ ਪੁੱਛਿਆ ਸੀ ਕਿ ਕੀ ਮੈਂ ਸੱਚਮੁੱਚ ਸਮਾਰੋਹ ਵਿੱਚ ਸ਼ਾਮਲ ਹੋਣ ਲਈ ਭਾਰਤ ਆ ਰਿਹਾ ਹਾਂ। ਨਕਾਰਾਤਮਕ ਜਵਾਬ ਮਿਲਣ 'ਤੇ ਉਨ੍ਹਾਂ ਨੇ ਆਪਣੀ ਸਰਕਾਰ ਨੂੰ ਸੁਨੇਹਾ ਭੇਜਿਆ, ਜਿਸਦੇ ਨਤੀਜੇ ਵਜੋਂ ਪੰਡਿਤ ਜਵਾਹਰ ਲਾਲ ਨਹਿਰੂ ਨੇ ਮੇਰੇ ਵੱਲੋਂ ਨਿੱਜੀ ਤੌਰ 'ਤੇ ਦਖਲ ਦਿੱਤਾ, ਹਾਲਾਂਕਿ ਚੀਨੀ ਅਧਿਕਾਰੀ ਅਜੇ ਵੀ ਮੈਨੂੰ ਜਾਣ ਨਹੀਂ ਦੇਣਾ ਚਾਹੁੰਦੇ ਸਨ। ਮਾਮਲਾ ਉਦੋਂ ਤੱਕ ਹੱਲ ਨਹੀਂ ਹੋਇਆ ਜਦੋਂ ਤੱਕ ਜਨਰਲ ਚਿਆਂਗ ਲਹਾਸਾ ਵਾਪਸ ਨਹੀਂ ਆਏ ਅਤੇ ਉਨ੍ਹਾਂ ਨੇ ਦੇਖਿਆ ਕਿ ਭਾਰਤੀ ਕੌਂਸਲ ਨੇ ਨਹਿਰੂ ਦਾ ਸੁਨੇਹਾ ਬਹੁਤ ਸਾਰੇ ਲੋਕਾਂ ਤੱਕ ਪਹੁੰਚਾ ਦਿੱਤਾ ਸੀ। ਅੰਤ ਵਿੱਚ ਭਾਰਤ-ਚੀਨ ਸਬੰਧਾਂ ਨੂੰ ਨੁਕਸਾਨ ਹੋਣ ਦੇ ਡਰ ਨੇ ਚੀਨੀਆਂ ਨੂੰ ਆਪਣਾ ਮਨ ਬਦਲਣ ਲਈ ਮਜਬੂਰ ਕਰ ਦਿੱਤਾ।

104 ਆਜ਼ਾਦ ਸ਼ਰਨਾਰਥੀ

ਮੈਂ ਅੰਤ ਵਿੱਚ ਨਵੰਬਰ 1956 ਦੇ ਅੰਤ ਵਿੱਚ ਲਹਾਸਾ ਛੱਡ ਦਿੱਤਾ। ਮੈਂ ਕਿਸੇ ਵੀ ਚੀਨੀ ਸਟਾਫ ਜਾਂ ਹੋਰਾਂ ਦੀ ਨਿਰੰਤਰ ਨਿਗਰਾਨੀ ਤੋਂ ਬਿਨਾਂ ਖੁੱਲ੍ਹ ਕੇ ਘੁੰਮਣ-ਫਿਰਨ ਦੀ ਆਜ਼ਾਦੀ 'ਤੇ ਬਹੁਤ ਖੁਸ਼ ਸੀ। ਮੇਰਾ ਕਾਫ਼ਲਾ ਬਹੁਤ ਛੋਟਾ ਸੀ ਅਤੇ, ਫੌਜੀ ਸੜਕਾਂ ਦੇ ਨੈੱਟਵਰਕ ਦੇ ਕਾਰਨ ਜੋ ਤਿੱਬਤ ਨੂੰ ਉੱਤਰ ਤੋਂ ਦੱਖਣ ਅਤੇ ਪੂਰਬ ਤੋਂ ਪੱਛਮ ਤੱਕ ਚੀਨ ਨਾਲ ਜੋੜਦੀਆਂ ਸਨ, ਅਸੀਂ ਕਾਰ ਰਾਹੀਂ ਸਿੱਕਮ ਤੱਕ ਯਾਤਰਾ ਕਰਨ ਦੇ ਯੋਗ ਸੀ। ਸ਼ਿਗਾਤਸੇ ਵਿਖੇ ਅਸੀਂ ਪੰਚੇਨ ਲਾਮਾ ਨੂੰ ਲੈਣ ਲਈ ਰੁਕੇ ਅਤੇ ਫਿਰ ਚੁੰਬੀਥਾਂਗ ਵੱਲ ਚਲੇ ਗਏ, ਜੋ ਕਿ ਸਰਹੱਦ ਦੇ ਨੇੜੇ ਨਾਥੂ ਲਾ ਦੱਰੇ ਤੋਂ ਪਹਿਲਾਂ ਆਖਰੀ ਤਿੱਬਤੀ ਬਸਤੀ ਸੀ। ਉੱਥੇ ਅਸੀਂ ਘੋੜਿਆਂ ਲਈ ਕਾਰਾਂ ਬਦਲੀਆਂ ਅਤੇ ਮੈਂ ਜਨਰਲ ਟਿੰਗ ਮਿੰਗ-ਯੀ ਨੂੰ ਅਲਵਿਦਾ ਕਿਹਾ ਜੋ ਲਹਾਸਾ ਤੋਂ ਸਾਡੇ ਨਾਲ ਆਏ ਸਨ। ਉਹ ਮੈਨੂੰ ਜਾਂਦੇ ਦੇਖ ਕੇ ਬਹੁਤ ਉਦਾਸ ਲੱਗ ਰਿਹਾ ਸੀ। ਮੈਨੂੰ ਲੱਗਦਾ ਹੈ ਕਿ ਉਹ ਇਸ ਗੱਲ 'ਤੇ ਯਕੀਨ ਕਰ ਰਿਹਾ ਸੀ ਕਿ ਵਿਦੇਸ਼ ਵਿੱਚ ਮੇਰੀ ਜਾਨ ਨੂੰ

ਵਿਦੇਸ਼ੀ ਸਾਮਰਾਜੀਆਂ, ਜਾਸੂਸਾਂ ਅਤੇ ਕਮਿਊਨਿਜ਼ਮ ਦੀ ਸੂਚੀ ਵਿੱਚ ਸ਼ਾਮਲ ਹੋਰ ਸਾਰੇ ਰਾਖਸ਼ਾਂ ਤੋਂ ਖ਼ਤਰਾ ਹੈ। ਉਸਨੇ ਮੈਨੂੰ ਜਨਰਲ ਚਿਆਂਗ ਦੀ ਤਰਜ਼ 'ਤੇ ਇੱਕ ਹੋਰ ਚੇਤਾਵਨੀ ਦਿੱਤੀ ਕਿ ਮੈਨੂੰ ਸਾਵਧਾਨ ਰਹਿਣਾ ਚਾਹੀਦਾ ਹੈ ਅਤੇ ਇਹ ਵੀ ਕਿਹਾ ਕਿ ਜਦੋਂ ਵੀ ਮੈਂ ਕਿਸੇ ਵਿਦੇਸ਼ੀ ਪ੍ਰਤੀਕਿਰਿਆਵਾਦੀ ਨੂੰ ਮਿਲਦਾ ਹਾਂ ਤਾਂ ਮੈਨੂੰ ਉਸਨੂੰ ਮੁਕਤੀ ਤੋਂ ਬਾਅਦ ਤਿੱਬਤ ਨੇ ਕੀਤੀ ਵੱਡੀ ਤਰੱਕੀ ਬਾਰੇ ਦੱਸਣਾ ਚਾਹੀਦਾ ਹੈ। ਉਸਨੇ ਕਿਹਾ, 'ਜੇਕਰ ਉਹ ਮੇਰੇ 'ਤੇ ਵਿਸ਼ਵਾਸ ਨਹੀਂ ਕਰਦੇ, ਤਾਂ ਉਹ ਖੁਦ ਆ ਕੇ ਤਿੱਬਤ ਦੇਖ ਸਕਦੇ ਹਨ।' ਮੈਂ ਉਸਨੂੰ ਭਰੋਸਾ ਦਿਵਾਇਆ ਕਿ ਮੈਂ ਆਪਣੀ ਪੂਰੀ ਕੋਸ਼ਿਸ਼ ਕਰਾਂਗਾ। ਇਸ ਦੇ ਨਾਲ ਹੀ ਮੈਂ ਆਪਣੀ ਟੱਟੂ 'ਤੇ ਚੜ੍ਹਨ ਲਈ ਮੁੜਿਆ ਅਤੇ ਧੁੰਦ ਵਿੱਚੋਂ ਲੰਮਾ ਰਸਤਾ ਸ਼ੁਰੂ ਕੀਤਾ।

ਨਾਥੂ-ਲਾ ਦੀ ਚੋਟੀ 'ਤੇ ਇੱਕ ਵੱਡਾ ਸੰਗੋਰਾ ਟਿੱਲਾ ਰੰਗ-ਬਿਰੰਗੇ ਪ੍ਰਾਰਥਨਾ ਝੰਡਿਆਂ ਨਾਲ ਸਜਾਇਆ ਗਿਆ ਸੀ। ਰਿਵਾਜ ਅਨੁਸਾਰ ਅਸੀਂ ਸਾਰਿਆਂ ਨੇ ਇਸ ਸੰਗੋਰਾ ਵਿੱਚ ਇੱਕ ਪੱਥਰ ਰੱਖਿਆ ਅਤੇ ਆਪਣੀ ਪੂਰੀ ਤਾਕਤ ਨਾਲ 'ਲਹਾ ਗਿਆਲ ਲੋ' (ਦੇਵਤਿਆਂ ਦੀ ਜਿੱਤ ਹੋਵੇ) ਦਾ ਨਾਅਰਾ ਲਗਾਉਂਦੇ ਹੋਏ ਸਿੱਕਮ ਦੇ ਰਾਜ ਵਿੱਚ ਦਾਖਲ ਹੋਣਾ ਸ਼ੁਰੂ ਕਰ ਦਿੱਤਾ।

ਦੂਜੇ ਪਾਸੇ ਦੱਰੇ ਤੋਂ ਥੋੜ੍ਹਾ ਹੇਠਾਂ ਧੁੰਦ ਵਿੱਚ ਸਾਡਾ ਸਵਾਗਤ ਇੱਕ ਸਵਾਗਤ ਦਲ ਦੁਆਰਾ ਕੀਤਾ ਗਿਆ ਜਿਸ ਵਿੱਚ ਕਈ ਅਧਿਕਾਰੀ ਅਤੇ ਫੌਜੀ ਬੈਂਡ ਸ਼ਾਮਲ ਸਨ ਜਿਨ੍ਹਾਂ ਨੇ ਤਿੱਬਤੀ ਅਤੇ ਭਾਰਤੀ ਰਾਸ਼ਟਰੀ ਗੀਤ ਵਜਾਏ। ਉਨ੍ਹਾਂ ਵਿੱਚ ਅੱਪਾ ਬੀ. ਪੰਤ ਵੀ ਸਨ, ਜੋ ਪਹਿਲਾਂ ਲਹਾਸਾ ਵਿੱਚ ਭਾਰਤੀ ਕੌਂਸਲ ਸਨ ਅਤੇ ਹੁਣ ਸਿੱਕਮ ਵਿੱਚ ਰਾਜਨੀਤਿਕ ਅਧਿਕਾਰੀ ਹਨ। ਇੱਕ ਸਿੱਕਮੀ ਸੋਨਮ ਟੋਪਗਿਆਲ ਕਾਜ਼ੀ ਵੀ ਸੀ ਜੋ ਬਾਕੀ ਯਾਤਰਾ ਲਈ ਮੇਰਾ ਅਨੁਵਾਦਕ ਸੀ। ਅਤੇ ਬੇਸ਼ੱਕ ਮੇਰਾ ਦੋਸਤ ਮਹਾਰਾਜ ਕੁਮਾਰ ਥੋਂਡੁਪ ਨਾਮਗਿਆਲ।

ਤਕਤਸਰ ਸਰਹੱਦ ਤੋਂ ਮੈਨੂੰ ਸੋਂਗੋ ਝੀਲ ਦੇ ਕਿਨਾਰੇ ਇੱਕ ਛੋਟੀ ਜਿਹੀ ਬਸਤੀ ਵਿੱਚ ਲਿਜਾਇਆ ਗਿਆ ਜਿੱਥੇ ਅਸੀਂ ਰਾਤ ਬਿਤਾਈ। ਹੁਣ ਤੱਕ ਬਹੁਤ ਹਨੇਰਾ ਅਤੇ ਠੰਡਾ ਸੀ, ਅਤੇ ਜ਼ਮੀਨ 'ਤੇ ਸੰਘਣੀ ਬਰਫ਼ ਪਈ ਸੀ। ਪਹੁੰਚਣ 'ਤੇ ਮੇਰਾ ਸਵਾਗਤ ਇੱਕ ਸ਼ਾਨਦਾਰ ਦ੍ਰਿਸ਼ ਨੇ ਕੀਤਾ। ਰਿਨਪੋਚੇ ਅਤੇ ਗਿਆਲੋ ਥੋਂਡੁਪ, ਜਿਨ੍ਹਾਂ ਦੋਵਾਂ ਨੂੰ ਮੈਂ

ਕਈ ਸਾਲਾਂ ਤੋਂ ਨਹੀਂ ਦੇਖਿਆ ਸੀ, ਮੇਰਾ ਸਵਾਗਤ ਕਰਨ ਲਈ ਆਏ ਸਨ। ਲੋਬਸਾਂਗ ਸੈਮਟੇਨ ਅਤੇ ਛੋਟਾ ਤੇਨਜ਼ਿਨ ਚੋਗਿਆਲ ਦੋਵੇਂ ਮੇਰੇ ਨਾਲ ਯਾਤਰਾ ਕਰ ਰਹੇ ਸਨ। ਇਸ ਲਈ ਸਾਡੀ ਜ਼ਿੰਦਗੀ ਵਿੱਚ ਪਹਿਲੀ ਵਾਰ ਅਸੀਂ ਪੰਜੇ ਭਰਾ ਇਕੱਠੇ ਸੀ।

ਅਗਲੇ ਦਿਨ ਅਸੀਂ ਸਿੱਕਮ ਦੀ ਰਾਜਧਾਨੀ ਗੰਗਟੋਕ ਗਏ।

ਨਹਿਰੂ ਨੂੰ ਝਟਕਾ 105

ਪਹਿਲਾਂ ਟੱਟੂ ਦੁਆਰਾ ਅਤੇ ਫਿਰ ਸ਼ਾਹੀ ਕਾਰ ਦੁਆਰਾ ਯਾਤਰਾ ਦੇ ਆਖਰੀ ਹਿੱਸੇ ਵਿੱਚ। ਇਸ ਮੌਕੇ 'ਤੇ ਮੈਂ ਸਿੱਕਮ ਦੇ ਮਹਾਰਾਜਾ, ਸਰ ਤਾਸ਼ੀ ਨਾਮਗਿਆਲ ਨੂੰ ਮਿਲਿਆ, ਜਿਨ੍ਹਾਂ ਦੀ ਇਹ ਕਾਰ ਸੀ। ਉੱਥੇ ਇੱਕ ਦਿਲਚਸਪ ਪਰ ਵਰਣਨ ਯੋਗ ਘਟਨਾ ਵਾਪਰੀ। ਜਿਵੇਂ ਹੀ ਅਸੀਂ ਗੰਗਟੋਕ ਵਿੱਚ ਦਾਖਲ ਹੋਏ, ਕਾਫਲਾ ਉੱਥੇ ਇਕੱਠੀ ਹੋਈ ਇੱਕ ਵੱਡੀ ਭੀੜ ਦੇ ਵਿਚਕਾਰ ਰੁਕ ਗਿਆ। ਹਜ਼ਾਰਾਂ ਲੋਕ, ਜਿਨ੍ਹਾਂ ਵਿੱਚ ਖੁਸ਼ੀ ਨਾਲ ਸਕੂਲੀ ਬੱਚੇ ਵੀ ਸ਼ਾਮਲ ਸਨ, ਸਾਡੇ ਆਲੇ-ਦੁਆਲੇ ਇਕੱਠੇ ਹੋ ਰਹੇ ਸਨ, ਸਾਡੇ 'ਤੇ ਖੱਟਾਗ ਅਤੇ ਫੁੱਲ ਸੁੱਟ ਰਹੇ ਸਨ ਅਤੇ ਸਾਨੂੰ ਅੱਗੇ ਵਧਣ ਤੋਂ ਰੋਕਣ ਦੀ ਕੋਸ਼ਿਸ਼ ਕਰ ਰਹੇ ਸਨ, ਜਦੋਂ ਇੱਕ ਅਣਜਾਣ ਨੌਜਵਾਨ ਚੀਨੀ ਆਦਮੀ ਵੀ ਦਿਖਾਈ ਦਿੱਤਾ। ਬਿਨਾਂ ਕੁਝ ਕਹੇ, ਉਸਨੇ ਸਿੱਕਮ ਦੇ ਰਾਜ ਦੇ ਝੰਡੇ ਦੇ ਸਾਹਮਣੇ ਕਾਰ 'ਤੇ ਲਹਿਰਾਉਂਦੇ ਤਿੱਬਤੀ ਝੰਡੇ ਨੂੰ ਪਾੜ ਦਿੱਤਾ ਅਤੇ ਉਸਦੀ ਜਗ੍ਹਾ 'ਤੇ ਚੀਨੀ ਝੰਡਾ ਲਹਿਰਾ ਦਿੱਤਾ।

ਅਸੀਂ ਅਗਲੇ ਦਿਨ ਜਲਦੀ ਬਾਗਡੋਗਰਾ ਹਵਾਈ ਅੱਡੇ ਲਈ ਰਵਾਨਾ ਹੋਣ ਤੋਂ ਪਹਿਲਾਂ ਗੰਗਟੋਕ ਵਿੱਚ ਰਾਤ ਬਿਤਾਈ। ਮੈਨੂੰ ਇਹ ਯਾਤਰਾ ਬਹੁਤ ਬੇਆਰਾਮ ਯਾਦ ਹੈ।

ਇਹ ਇੱਕ ਹੈਰਾਨੀ ਵਾਲੀ ਗੱਲ ਸੀ। ਮੈਂ ਲਹਾਸਾ ਤੋਂ ਯਾਤਰਾ ਅਤੇ ਇੱਕ ਰਾਤ ਪਹਿਲਾਂ ਇੱਕ ਸ਼ਾਹੀ ਦਾਅਵਤ ਤੋਂ ਥੱਕਿਆ ਹੋਇਆ ਸੀ। ਇਸ ਤੋਂ ਇਲਾਵਾ, ਮੈਨੂੰ ਨਾਸ਼ਤੇ ਲਈ ਨੂਡਲਜ਼ ਪਰੋਸੇ ਗਏ। ਅਤੇ ਜਿਵੇਂ ਹੀ ਅਸੀਂ ਭਾਰਤੀ ਮੈਦਾਨਾਂ ਵਿੱਚ ਉਤਰੇ, ਕਾਰ ਵਿੱਚ ਗਰਮੀ ਦਮ ਘੁੱਟਣ ਲੱਗ ਪਈ।

ਜੋ ਜਹਾਜ਼ ਸਾਡਾ ਇੰਤਜ਼ਾਰ ਕਰ ਰਿਹਾ ਸੀ ਉਹ ਉਸ ਜਹਾਜ਼ ਨਾਲੋਂ ਕਿਤੇ ਜ਼ਿਆਦਾ ਆਰਾਮਦਾਇਕ ਸੀ ਜਿਸ ਨੂੰ ਮੈਂ ਚੀਨ ਵਿੱਚ ਲਿਆ ਸੀ। ਇਹ ਸਾਨੂੰ ਇਲਾਹਾਬਾਦ ਲੈ ਗਿਆ ਜਿੱਥੇ ਅਸੀਂ ਦੁਪਹਿਰ ਦੇ ਖਾਣੇ ਲਈ ਰੁਕੇ ਅਤੇ ਫਿਰ ਨਵੀਂ ਦਿੱਲੀ ਦੇ ਪਾਲਮ ਹਵਾਈ ਅੱਡੇ 'ਤੇ। ਜਿਵੇਂ ਹੀ ਅਸੀਂ ਭੀੜ-ਭੜੱਕੇ ਵਾਲੇ ਭਾਰਤੀ ਕਸਬਿਆਂ ਅਤੇ ਪਿੰਡਾਂ ਤੋਂ ਹਜ਼ਾਰਾਂ ਫੁੱਟ ਉੱਪਰ ਉੱਡਦੇ ਸੀ, ਮੈਂ ਸੋਚਿਆ ਕਿ ਚੀਨ ਭਾਰਤ ਤੋਂ ਕਿੰਨਾ ਵੱਖਰਾ ਮਹਿਸੂਸ ਹੁੰਦਾ ਹੈ। ਮੈਂ ਉੱਥੇ ਕਦੇ ਨਹੀਂ ਗਿਆ ਸੀ। ਪਰ ਮੈਂ ਪਹਿਲਾਂ ਹੀ ਦੋਵਾਂ ਦੇਸ਼ਾਂ ਦੇ ਜੀਵਨ ਢੰਗ ਵਿਚਕਾਰ ਡੂੰਘੀ ਖੱਡ ਤੋਂ ਜਾਣੂ ਸੀ। ਇੱਕ ਤਰ੍ਹਾਂ ਨਾਲ, ਭਾਰਤ ਮੇਰੇ ਲਈ ਵਧੇਰੇ ਖੁੱਲ੍ਹਾ ਜਾਪਦਾ ਸੀ।

ਜਦੋਂ ਅਸੀਂ ਭਾਰਤੀ ਰਾਜਧਾਨੀ ਵਿੱਚ ਉਤਰੇ ਤਾਂ ਮੇਰਾ ਪ੍ਰਭਾਵ ਹੋਰ ਵੀ ਮਜ਼ਬੂਤ ਹੋ ਗਿਆ। ਪ੍ਰਧਾਨ ਮੰਤਰੀ ਨਹਿਰੂ ਅਤੇ ਉਪ-ਰਾਸ਼ਟਰਪਤੀ ਡਾ. ਰਾਧਾਕ੍ਰਿਸ਼ਨਨ ਦੇ ਨਾਲ ਇੱਕ ਸ਼ਾਨਦਾਰ ਗਾਰਡ ਆਫ਼ ਆਨਰ ਸਾਡੇ ਲਈ ਉਡੀਕ ਕਰ ਰਿਹਾ ਸੀ। ਇੱਥੇ ਚੀਨ ਨਾਲੋਂ ਕਿਤੇ ਜ਼ਿਆਦਾ ਸ਼ਾਨਦਾਰ ਅਤੇ ਰਸਮੀ ਸਮਾਗਮ ਸੀ, ਪਰ ਨਾਲ ਹੀ, ਹਰ ਸ਼ਬਦ ਵਿੱਚ ਇਮਾਨਦਾਰੀ ਦਾ ਸੁਰ ਸੀ, ਚਾਹੇ ਉਹ ਰਿਸੈਪਸ਼ਨ 'ਤੇ ਪ੍ਰਧਾਨ ਮੰਤਰੀ ਵੱਲੋਂ ਹੋਵੇ ਜਾਂ ਨਿੱਜੀ ਤੌਰ 'ਤੇ ਕਿਸੇ ਨੀਵੇਂ ਅਧਿਕਾਰੀ ਵੱਲੋਂ। ਲੋਕਾਂ ਨੇ ਆਪਣੀਆਂ ਸੱਚੀਆਂ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ ਅਤੇ ਸਿਰਫ਼ ਉਹੀ ਨਹੀਂ ਕਿਹਾ ਜੋ ਉਨ੍ਹਾਂ ਨੂੰ ਕਹਿਣਾ ਚਾਹੀਦਾ ਸੀ। ਕੋਈ ਬਣਾਵਟੀ ਨਹੀਂ ਸੀ।

ਹਵਾਈ ਅੱਡੇ ਤੋਂ ਸਿੱਧਾ ਮੈਨੂੰ ਭਾਰਤ ਦੇ ਰਾਸ਼ਟਰਪਤੀ ਡਾ. ਰਾਜੇਂਦਰ ਪ੍ਰਸਾਦ ਨੂੰ ਮਿਲਣ ਲਈ ਰਾਸ਼ਟਰਪਤੀ ਭਵਨ ਲਿਜਾਇਆ ਗਿਆ। ਮੈਂ ਉਸਨੂੰ ਇੱਕ ਬਹੁਤ ਹੀ ਬੁੱਢਾ ਆਦਮੀ ਅਤੇ ਬਹੁਤ ਹੀ ਨਿਮਰ ਪਾਇਆ। ਮੈਂ ਉਸਨੂੰ ਪ੍ਰਭਾਵਸ਼ਾਲੀ ਵਰਦੀਆਂ ਵਿੱਚ ਉੱਚੇ-ਉੱਚੇ ਸਹਾਇਕਾਂ ਅਤੇ ਉਸਦੇ ਰਸਮੀ, ਬਹੁਤ ਹੀ ਪ੍ਰਭਾਵਸ਼ਾਲੀ ਫੌਜੀ ਅੰਗ ਰੱਖਿਅਕਾਂ ਤੋਂ ਬਿਲਕੁਲ ਉਲਟ ਪਾਇਆ।

ਅਗਲੇ ਦਿਨ ਮੈਂ ਯਮੁਨਾ ਨਦੀ ਦੇ ਕੰਢੇ ਰਾਜਘਾਟ ਗਿਆ ਜਿੱਥੇ ਮਹਾਤਮਾ ਗਾਂਧੀ ਦਾ ਅੰਤਿਮ ਸੰਸਕਾਰ ਕੀਤਾ ਗਿਆ ਸੀ। ਇਹ ਇੱਕ ਸ਼ਾਂਤ ਅਤੇ ਸੁੰਦਰ ਜਗ੍ਹਾ ਸੀ ਅਤੇ ਮੈਂ ਉੱਥੇ ਹੋਣ ਅਤੇ ਲੋਕਾਂ ਦਾ ਮਹਿਮਾਨ ਬਣਨ ਲਈ ਬਹੁਤ ਸ਼ੁਕਰਗੁਜ਼ਾਰ ਸੀ

106 ਆਜ਼ਾਦ ਸ਼ਰਨਾਰਥੀ

ਜਿਨ੍ਹਾਂ ਨੇ, ਮੇਰੇ ਵਾਂਗ, ਵਿਦੇਸ਼ੀ ਦਬਦਬੇ ਦਾ ਸਾਹਮਣਾ ਕੀਤਾ ਸੀ। ਇੱਕ ਅਜਿਹੇ ਦੇਸ਼ ਵਿੱਚ ਹੋਣ ਲਈ ਵੀ ਸ਼ੁਕਰਗੁਜ਼ਾਰ ਹਾਂ ਜਿਸਨੇ ਮਹਾਤਮਾ ਦੀ ਅਹਿੰਸਾ ਦੀ ਵਿਚਾਰਧਾਰਾ ਨੂੰ ਅਪਣਾਇਆ ਸੀ। ਜਦੋਂ ਮੈਂ ਪ੍ਰਾਰਥਨਾ ਕਰਨ ਲਈ ਖੜ੍ਹਾ ਸੀ ਤਾਂ ਮੈਨੂੰ ਗਾਂਧੀ ਜੀ ਨੂੰ ਨਿੱਜੀ ਤੌਰ 'ਤੇ ਨਾ ਮਿਲਣ ਦਾ ਬਹੁਤ ਦੁੱਖ ਹੋਇਆ ਅਤੇ ਨਾਲ ਹੀ ਉਨ੍ਹਾਂ ਦੇ ਜੀਵਨ ਦੀ ਸ਼ਾਨਦਾਰ ਉਦਾਹਰਣ 'ਤੇ ਬਹੁਤ ਖੁਸ਼ੀ ਹੋਈ। ਮੇਰੇ ਲਈ ਉਹ ਇੱਕ ਸੰਪੂਰਨ ਰਾਜਨੇਤਾ ਸਨ ਅਤੇ ਹਨ - ਇੱਕ ਅਜਿਹਾ ਵਿਅਕਤੀ ਜਿਸਨੇ ਨਿੱਜੀ ਵਿਚਾਰਾਂ ਤੋਂ ਉੱਪਰ ਪਰਉਪਕਾਰ ਦੇ ਸਿਧਾਂਤ ਵਿੱਚ ਆਪਣਾ ਵਿਸ਼ਵਾਸ ਰੱਖਿਆ। ਮੈਨੂੰ ਯਕੀਨ ਸੀ ਕਿ ਅਹਿੰਸਾ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਰਾਜਨੀਤੀ ਕਰਨ ਦਾ ਇੱਕੋ ਇੱਕ ਤਰੀਕਾ ਸੀ।

ਅਗਲੇ ਕੁਝ ਦਿਨ ਬੁੱਧ ਜਯੰਤੀ ਦੇ ਜਸ਼ਨਾਂ ਵਿੱਚ ਬਿਤਾਏ ਗਏ। ਇਨ੍ਹਾਂ ਦੌਰਾਨ ਮੈਂ ਆਪਣਾ ਵਿਸ਼ਵਾਸ ਪ੍ਰਗਟ ਕੀਤਾ ਕਿ ਭਗਵਾਨ ਬੁੱਧ ਦੀਆਂ ਸਿੱਖਿਆਵਾਂ ਨਾ ਸਿਰਫ਼ ਵਿਅਕਤੀਆਂ ਲਈ ਸਗੋਂ ਕੌਮਾਂ ਵਿਚਕਾਰ ਸ਼ਾਂਤੀ ਵੀ ਲਿਆਉਣਗੀਆਂ। ਮੈਂ ਬਹੁਤ ਸਾਰੇ ਗਾਂਧੀਵਾਦੀਆਂ ਨਾਲ ਇਹ ਵੀ ਚਰਚਾ ਕੀਤੀ ਕਿ ਭਾਰਤ ਅਹਿੰਸਾ ਦੇ ਮਾਧਿਅਮ ਰਾਹੀਂ ਆਜ਼ਾਦੀ ਕਿਵੇਂ ਪ੍ਰਾਪਤ ਕਰ ਸਕਦਾ ਹੈ।

ਇਸ ਸਮੇਂ ਤੱਕ ਮੈਂ ਭਾਰਤ ਬਾਰੇ ਇੱਕ ਰਾਏ ਬਣਾ ਲਈ ਸੀ, ਕਿ ਜਿਨ੍ਹਾਂ ਦਾਅਵਤਾਂ ਅਤੇ ਸਵਾਗਤਾਂ ਵਿੱਚ ਮੈਨੂੰ ਅਕਸਰ ਸੱਦਾ ਦਿੱਤਾ ਜਾਂਦਾ ਸੀ, ਉਹ ਚੀਨ ਵਿੱਚ ਹੋਣ ਵਾਲੇ ਸਮਾਗਮਾਂ ਨਾਲੋਂ ਬਹੁਤ ਘੱਟ ਸ਼ਾਨਦਾਰ ਸਨ, ਪਰ ਉਨ੍ਹਾਂ ਵਿੱਚ ਇਮਾਨਦਾਰੀ ਦੇ ਅਮੀਰ ਮਾਹੌਲ ਦਾ ਮਤਲਬ ਸੀ ਕਿ ਸੱਚੀ ਦੋਸਤੀ ਵਿਕਸਤ ਕਰਨ ਦਾ ਮੌਕਾ ਸੀ। ਇਹ ਪੀਪਲਜ਼ ਰੀਪਬਲਿਕ ਵਿੱਚ ਮੇਰੇ ਅਨੁਭਵਾਂ ਦੇ ਬਿਲਕੁਲ ਉਲਟ ਸੀ ਜਿੱਥੇ ਆਮ ਰਾਏ ਇਹ

ਸੀ ਕਿ ਡਰਾਉਣਾ-ਧਮਕਾਉਣਾ ਲੋਕਾਂ ਦੇ ਮਨਾਂ ਨੂੰ ਬਦਲ ਸਕਦਾ ਹੈ। ਹੁਣ ਮੈਂ ਤੁਲਨਾ ਕਰ ਸਕਦਾ ਹਾਂ ਅਤੇ ਆਪਣੇ ਲਈ ਦੇਖ ਸਕਦਾ ਹਾਂ ਕਿ ਇਹ ਇੱਕ ਗਲਤ ਦ੍ਰਿਸ਼ਟੀਕੋਣ ਸੀ। ਦੋਸਤੀ ਸਿਰਫ਼ ਆਪਸੀ ਸਤਿਕਾਰ ਅਤੇ ਸੱਚਾਈ ਦੀ ਭਾਵਨਾ ਦੇ ਵਿਕਾਸ ਦੁਆਰਾ ਹੀ ਬਣਾਈ ਜਾ ਸਕਦੀ ਹੈ। ਇਹ ਉਹ ਤਰੀਕੇ ਹਨ ਜਿਨ੍ਹਾਂ ਦੁਆਰਾ ਮਨੁੱਖੀ ਮਨਾਂ ਨੂੰ ਬਦਲਿਆ ਜਾ ਸਕਦਾ ਹੈ ਅਤੇ ਕਦੇ ਵੀ ਜ਼ਬਰਦਸਤੀ ਨਾਲ ਨਹੀਂ।

ਇਹਨਾਂ ਨਿਰੀਖਣਾਂ ਦੇ ਨਤੀਜੇ ਵਜੋਂ ਅਤੇ ਇੱਕ ਤਿੱਬਤੀ ਕਹਾਵਤ ਨੂੰ ਧਿਆਨ ਵਿੱਚ ਰੱਖਦੇ ਹੋਏ ਕਿ "ਜੇਕਰ ਕੋਈ ਕੈਦੀ ਜੇਲ੍ਹ ਵਿੱਚੋਂ ਭੱਜ ਜਾਂਦਾ ਹੈ, ਤਾਂ ਉਸਨੂੰ ਕਦੇ ਵਾਪਸ ਨਹੀਂ ਆਉਣਾ ਚਾਹੀਦਾ", ਮੈਂ ਭਾਰਤ ਵਿੱਚ ਰਹਿਣ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ। ਮੈਂ ਆਪਣਾ ਮਨ ਬਣਾ ਲਿਆ ਕਿ ਜਦੋਂ ਮੈਂ ਪੰਡਿਤ ਨਹਿਰੂ ਨੂੰ ਮਿਲਿਆ ਤਾਂ ਮੈਂ ਭਾਰਤ ਵਿੱਚ ਰਾਜਨੀਤਿਕ ਸ਼ਰਨ ਲੈਣ ਦੀ ਸੰਭਾਵਨਾ ਦੀ ਪੜਚੋਲ ਕਰਾਂਗਾ। ਮੈਂ ਜਲਦੀ ਹੀ ਉਨ੍ਹਾਂ ਨੂੰ ਮਿਲਿਆ।

ਦਰਅਸਲ ਮੈਂ ਨਹਿਰੂ ਜੀ ਨੂੰ ਕਈ ਮੌਕਿਆਂ 'ਤੇ ਮਿਲਿਆ। ਉਹ ਇੱਕ ਲੰਮਾ ਅਤੇ ਸੋਹਣਾ ਦਿੱਖ ਵਾਲਾ ਆਦਮੀ ਸੀ ਜਿਸਦੇ ਤਿੱਖੇ ਚਿਹਰੇ ਉਸਦੀ ਗਾਂਧੀ ਟੋਪੀ ਦੁਆਰਾ ਉਜਾਗਰ ਕੀਤੇ ਗਏ ਸਨ। ਉਹ ਮਾਓ ਨਾਲੋਂ ਘੱਟ ਆਤਮ-ਵਿਸ਼ਵਾਸੀ ਜਾਪਦਾ ਸੀ ਪਰ ਉਸ ਵਿੱਚ ਕੁਝ ਵੀ ਤਾਨਾਸ਼ਾਹੀ ਨਹੀਂ ਸੀ। ਉਹ ਇਮਾਨਦਾਰ ਦਿਖਾਈ ਦਿੰਦਾ ਸੀ, ਜਿਸ ਕਾਰਨ ਬਾਅਦ ਵਿੱਚ ਉਸਨੂੰ ਚਾਉ ਐਨ-ਲਾਈ ਦੁਆਰਾ ਧੋਖਾ ਦਿੱਤਾ ਗਿਆ। ਜਦੋਂ ਅਸੀਂ ਪਹਿਲੀ ਵਾਰ ਮਿਲੇ ਸੀ, ਮੈਂ ਉਸਨੂੰ ਬਹੁਤ ਵਿਸਥਾਰ ਵਿੱਚ ਦੱਸਿਆ ਕਿ ਕਿਵੇਂ ਚੀਨੀਆਂ ਨੇ ਸਾਡੀ ਸ਼ਾਂਤੀਪੂਰਨ ਧਰਤੀ 'ਤੇ ਹਮਲਾ ਕੀਤਾ ਸੀ ਜਦੋਂ ਅਸੀਂ ਦੁਸ਼ਮਣ ਦਾ ਸਾਹਮਣਾ ਕਰਨ ਲਈ ਤਿਆਰ ਨਹੀਂ ਸੀ। ਅਤੇ ਕਿਵੇਂ ਅਸੀਂ ਚੀਨੀਆਂ ਨਾਲ ਰਲਣ ਦੀ ਪੂਰੀ ਕੋਸ਼ਿਸ਼ ਕੀਤੀ ਸੀ ਜਦੋਂ ਸਾਨੂੰ ਪਤਾ ਲੱਗਾ ਕਿ ਬਾਹਰੀ ਦੁਨੀਆ ਵਿੱਚ ਕੋਈ ਵੀ ਆਜ਼ਾਦੀ ਦੇ ਸਾਡੇ ਜਾਇਜ਼ ਦਾਅਵੇ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਸੀ।

ਪਹਿਲਾਂ ਤਾਂ ਉਸਨੇ ਸੁਣਿਆ ਅਤੇ ਨਿਮਰਤਾ ਨਾਲ ਸਿਰ ਹਿਲਾਇਆ।

ਨਹਿਰੂ ਨੂੰ ਝਟਕਾ 107

ਪਰ ਮੈਨੂੰ ਲੱਗਦਾ ਹੈ ਕਿ ਮੇਰੀ ਭਾਵਨਾਤਮਕ ਗੱਲ ਉਸਨੂੰ ਬਹੁਤ ਲੰਬੀ ਲੱਗ ਰਹੀ ਹੋਵੇਗੀ ਅਤੇ ਕੁਝ ਦੇਰ ਬਾਅਦ ਉਹਦਾ ਧਿਆਨ ਦੂਜੇ ਪਾਸੇ ਹੋਇਆ ਜਾਪਦਾ ਸੀ, ਜਿਵੇਂ ਉਹ ਕਿਸੇ ਵੀ ਪਲ ਸਿਰ ਹਿਲਾਉਣਾ ਬੰਦ ਕਰ ਦੇਵੇਗਾ। ਅੰਤ ਵਿੱਚ ਉਸਨੇ ਮੇਰੇ ਵੱਲ ਦੇਖਿਆ ਅਤੇ ਕਿਹਾ ਕਿ ਉਹ ਸਮਝ ਗਿਆ ਹੈ ਕਿ ਮੈਂ ਕੀ ਕਹਿ ਰਿਹਾ ਹਾਂ। ਪਰ ਉਸਨੇ ਬੇਸਬਰੀ ਨਾਲ ਕਿਹਾ, "ਪਰ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਭਾਰਤ ਤੁਹਾਡਾ ਸਮਰਥਨ ਨਹੀਂ ਕਰ ਸਕਦਾ।" ਉਸਦਾ ਲੰਮਾ ਹੇਠਲਾ ਬੁੱਲ੍ਹ ਕੰਬ ਰਿਹਾ ਸੀ ਜਦੋਂ ਉਹ ਸਪਸ਼ਟ, ਸੁੰਦਰ ਅੰਗਰੇਜ਼ੀ ਵਿੱਚ ਬੋਲ ਰਿਹਾ ਸੀ, ਜਿਵੇਂ ਕਿ ਉਸਦੀ ਆਵਾਜ਼ ਦੀ ਸੁਰ ਨਾਲ ਹਮਦਰਦੀ ਵਿੱਚ ਹਿੱਲ ਰਹਿਆ ਹੋਵੇ ।

ਇਹ ਬੁਰੀ ਖ਼ਬਰ ਸੀ ਪਰ ਪੂਰੀ ਤਰ੍ਹਾਂ ਅਚਾਨਕ ਨਹੀਂ ਸੀ। ਅਤੇ ਹਾਲਾਂਕਿ ਨਹਿਰੂ ਨੇ ਹੁਣ ਆਪਣੀ ਸਥਿਤੀ ਸਪੱਸ਼ਟ ਕਰ ਦਿੱਤੀ ਸੀ, ਮੈਂ ਇਹ ਕਹਿਣਾ ਜਾਰੀ ਰੱਖਿਆ ਕਿ ਮੈਂ ਭਾਰਤ ਵਿੱਚ ਸ਼ਰਨ ਲੈਣ ਬਾਰੇ ਵਿਚਾਰ ਕਰ ਰਿਹਾ ਸੀ। ਉਹ ਫਿਰ ਝਿਜਕਿਆ ਅਤੇ ਕਿਹਾ, "ਪਰ ਤੁਹਾਨੂੰ ਆਪਣੇ ਦੇਸ਼ ਵਾਪਸ ਜਾਣਾ ਚਾਹੀਦਾ ਹੈ ਅਤੇ ਸਤਾਰਾਂ-ਨੁਕਾਤੀ 'ਸਮਝੌਤੇ' ਦੇ ਆਧਾਰ 'ਤੇ ਚੀਨੀਆਂ ਨਾਲ ਕੰਮ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।"
ਮੈਂ ਵਿਰੋਧ ਕੀਤਾ ਕਿ ਮੈਂ ਅਜਿਹਾ ਕਰਨ ਲਈ ਪਹਿਲਾਂ ਹੀ ਹਰ ਸੰਭਵ ਕੋਸ਼ਿਸ਼ ਕਰ ਲਈ ਹੈ।

ਮੈਂ ਚੀਨੀ ਅਧਿਕਾਰੀਆਂ ਨਾਲ ਸਮਝੌਤਾ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਹੈ ਅਤੇ ਹਰ ਵਾਰ ਜਦੋਂ ਮੈਂ ਸੋਚਿਆ ਹੈ ਕਿ ਮੈਂ ਉਨ੍ਹਾਂ ਨਾਲ ਸਮਝੌਤਾ ਕਰ ਲਿਆ ਹੈ, ਤਾਂ ਉਨ੍ਹਾਂ ਨੇ ਮੇਰੇ ਵਿਸ਼ਵਾਸ ਨੂੰ ਧੋਖਾ ਦਿੱਤਾ ਹੈ। ਅਤੇ ਹੁਣ ਪੂਰਬੀ ਤਿੱਬਤ ਵਿੱਚ ਸਥਿਤੀ ਇੰਨੀ ਮਾੜੀ ਸੀ ਕਿ ਮੈਨੂੰ ਇੱਕ ਵੱਡੇ ਹਿੰਸਕ ਬਦਲੇ ਦਾ ਡਰ ਸੀ ਜਿਸਦਾ ਸਾਹਮਣਾ ਸਿਰਫ਼ ਪੂਰੇ ਦੇਸ਼ ਦੀ ਤਬਾਹੀ ਨਾਲ ਹੀ ਕੀਤਾ ਜਾ ਸਕਦਾ ਸੀ। ਮੈਂ ਕਿਵੇਂ ਵਿਸ਼ਵਾਸ ਕਰ ਸਕਦਾ ਸੀ ਕਿ ਸਤਾਰਾਂ-ਨੁਕਾਤੀ 'ਸਮਝੌਤਾ' ਹੋਰ ਬਹੁਤ ਕੁਝ ਕਰਨ ਵਾਲਾ ਸੀ? ਅੰਤ ਵਿੱਚ ਨਹਿਰੂ ਨੇ ਕਿਹਾ ਕਿ ਉਹ ਨਿੱਜੀ ਤੌਰ 'ਤੇ ਚੋ ਐਨ-ਲਾਈ ਨਾਲ ਗੱਲ ਕਰਨਗੇ, ਜੋ ਅਗਲੇ ਦਿਨ ਯੂਰਪ ਜਾਂਦੇ ਸਮੇਂ ਦਿੱਲੀ ਪਹੁੰਚਣ ਵਾਲੇ ਸਨ। ਉਹ ਮੇਰੀ ਚੀਨੀ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਦਾ ਵੀ ਪ੍ਰਬੰਧ ਕਰਨਗੇ।

ਨਹਿਰੂ ਆਪਣੇ ਸ਼ਬਦਾਂ 'ਤੇ ਓਨੇ ਹੀ ਚੰਗੇ ਸਨ। ਅਤੇ ਅਗਲੀ ਸਵੇਰ ਮੈਂ ਉਨ੍ਹਾਂ ਦੇ ਨਾਲ ਪਾਲਮ ਹਵਾਈ ਅੱਡੇ 'ਤੇ ਗਿਆ ਜਿੱਥੇ ਉਨ੍ਹਾਂ ਨੇ ਉਸ ਸ਼ਾਮ ਚੋ ਨੂੰ ਮਿਲਣ ਦਾ ਪ੍ਰਬੰਧ ਕੀਤਾ। ਜਦੋਂ ਅਸੀਂ ਦੁਬਾਰਾ ਮਿਲੇ ਤਾਂ ਮੈਨੂੰ ਆਪਣਾ ਪੁਰਾਣਾ ਦੋਸਤ ਉਸੇ ਤਰ੍ਹਾਂ ਮਿਲਿਆ ਜਿਵੇਂ ਮੈਨੂੰ ਯਾਦ ਸੀ: ਸੁਹਜ, ਮੁਸਕਰਾਹਟ ਅਤੇ ਛਲ ਨਾਲ ਭਰਪੂਰ। ਪਰ ਮੈਂ ਉਨ੍ਹਾਂ ਦੇ ਟਾਲ-ਮਟੋਲ ਕਰਨ ਵਾਲੇ ਤਰੀਕਿਆਂ ਦਾ ਜਵਾਬ ਨਹੀਂ ਦਿੱਤਾ। ਇਸ ਦੀ ਬਜਾਏ ਮੈਂ ਪੂਰਬੀ ਤਿੱਬਤ ਵਿੱਚ ਚੀਨੀ ਅਧਿਕਾਰੀਆਂ ਦੇ ਵਿਵਹਾਰ ਬਾਰੇ ਆਪਣੀ ਚਿੰਤਾ ਬਾਰੇ ਸਪੱਸ਼ਟ ਤੌਰ 'ਤੇ ਗੱਲ ਕੀਤੀ। ਮੈਂ ਭਾਰਤੀ ਸੰਸਦ ਅਤੇ ਚੀਨੀ ਸਰਕਾਰ ਪ੍ਰਣਾਲੀ ਵਿਚਕਾਰ ਮੈਂ ਜੋ ਵੱਡਾ ਫ਼ਰਕ ਦੇਖਿਆ ਸੀ, ਉਸ ਵੱਲ ਵੀ ਇਸ਼ਾਰਾ ਕੀਤਾ। ਭਾਰਤ ਦੇ ਲੋਕਾਂ ਦੀ ਆਜ਼ਾਦੀ ਕਿ ਉਹ ਅਸਲ ਵਿੱਚ ਕੀ ਮਹਿਸੂਸ ਕਰਦੇ ਹਨ, ਅਤੇ ਜੇਕਰ ਉਹ ਜ਼ਰੂਰੀ ਸਮਝਦੇ ਹਨ ਤਾਂ ਸਰਕਾਰ ਦੀ ਆਲੋਚਨਾ ਵੀ ਪ੍ਰਗਟ ਕਰਦੇ ਹਨ । ਚਾਉ ਨੇ ਮਿੱਠੇ ਢੰਗ ਨਾਲ ਜਵਾਬ ਦੇਣ ਤੋਂ ਪਹਿਲਾਂ ਹਮੇਸ਼ਾ ਵਾਂਗ ਧਿਆਨ ਨਾਲ ਸੁਣਿਆ।

"ਤੁਸੀਂ ਸਿਰਫ਼ ਪਹਿਲੀ ਅਸੈਂਬਲੀ ਦੌਰਾਨ ਚੀਨ ਵਿੱਚ ਮੌਜੂਦ ਸੀ। ਉਦੋਂ ਤੋਂ, ਦੂਜੀ ਅਸੈਂਬਲੀ ਹੋਈ ਹੈ ਅਤੇ ਸਭ ਕੁਝ ਕਲਪਨਾ ਤੋਂ ਬਾਹਰ ਬਦਲ ਗਿਆ ਹੈ।"

ਮੈਂ ਉਸ 'ਤੇ ਵਿਸ਼ਵਾਸ ਨਹੀਂ ਕੀਤਾ, ਪਰ ਬਹਿਸ ਕਰਨ ਦਾ ਕੋਈ ਮਤਲਬ ਨਹੀਂ ਸੀ। ਫਿਰ ਉਸਨੇ ਕਿਹਾ ਕਿ ਉਸਨੇ ਇੱਕ ਅਫਵਾਹ ਸੁਣੀ ਹੈ ਕਿ ਮੈਂ ਭਾਰਤ ਵਿੱਚ ਰਹਿਣ ਬਾਰੇ ਸੋਚ ਰਿਹਾ ਹਾਂ। ਉਸਨੇ ਮੈਨੂੰ ਚੇਤਾਵਨੀ ਦਿੱਤੀ ਕਿ ਇਹ ਇੱਕ ਗਲਤੀ ਹੋਵੇਗੀ। ਮੇਰੇ ਦੇਸ਼ ਨੂੰ ਮੇਰੀ ਲੋੜ ਹੈ। ਇਹ ਸ਼ਾਇਦ ਸੱਚ ਸੀ, ਪਰ ਮੈਂ ਇਹ ਮਹਿਸੂਸ ਕਰਦੇ ਹੋਏ ਗੱਲਬਾਤ ਖਤਮ ਕਰ ਦਿੱਤੀ ਕਿ ਇਹ ਮਾਮਲਾ ਹੱਲ ਨਹੀਂ ਹੋਇਆ।

108 ਆਜ਼ਾਦ ਸ਼ਰਨਾਰਥੀ

ਮੇਰੇ ਦੋ ਭਰਾ, ਤਕਤਸਰ ਰਿੰਪੋਚੇ ਅਤੇ ਗਿਆਲੋ ਥੋਂਡੁਪ, ਦਿੱਲੀ ਵਿੱਚ ਚਾਉ, ਏਨ ਲਾਈ ਜਾਂ "ਚਿਊ ਐਂਡ ਲਾਈ" (ਚਬਾਓ ਅਤੇ ਝੂਠ ਬੋਲੋ) ਨਾਲ ਵੀ ਮਿਲੇ ਕਿਉਂਕਿ ਕੁਝ ਭਾਰਤੀ ਅਖ਼ਬਾਰਾਂ ਦੁਆਰਾ ਉਸਨੂੰ ਬੁਲਾਇਆ ਜਾਂਦਾ ਸੀ। ਉਹ ਮੇਰੇ ਨਾਲੋਂ ਵੀ ਜ਼ਿਆਦਾ ਬੇਫਿਕਰ ਸਨ ਅਤੇ ਚਾਉ ਨੂੰ ਦੱਸਿਆ ਕਿ ਮੇਰੀ ਬੇਨਤੀ ਦੇ ਬਾਵਜੂਦ ਉਨ੍ਹਾਂ

ਕਿਹਾ ਗਿਆ। ਇਸ ਵਿੱਚ ਕਿਹਾ ਗਿਆ ਸੀ ਕਿ ਵਿਨਾਸ਼ਕਾਰੀ ਪ੍ਰਤੀਕਿਰਿਆਵਾਦੀ ਅਤੇ ਸਾਮਰਾਜਵਾਦੀ ਗਠਜੋੜ ਬਗਾਵਤ ਦੀ ਯੋਜਨਾ ਬਣਾ ਰਹੇ ਹਨ ਅਤੇ ਮੇਰੀ ਮੌਜੂਦਗੀ ਦੀ ਤੁਰੰਤ ਲੋੜ ਹੈ।

ਮੈਂ ਰੇਲਗੱਡੀ ਰਾਹੀਂ ਦਿੱਲੀ ਵਾਪਸ ਆਇਆ ਅਤੇ ਸਟੇਸ਼ਨ 'ਤੇ ਚੀਨੀ ਰਾਜਦੂਤ ਨੂੰ ਮਿਲਿਆ। ਉਸਨੇ ਜ਼ੋਰ ਦੇ ਕੇ ਕਿਹਾ ਕਿ ਮੈਨੂੰ ਉਸਦੀ ਕਾਰ ਵਿੱਚ ਦੂਤਾਵਾਸ ਜਾਣਾ ਚਾਹੀਦਾ ਹੈ ਜਿੱਥੇ ਮੈਂ ਚੌ ਐਨ-ਲਾਈ ਨੂੰ ਮਿਲਾਂਗਾ। ਇਸ ਨਾਲ ਮੇਰੇ ਸੰਸਦ ਦੇ ਸਪੀਕਰ ਅਤੇ ਮੇਰੇ ਅੰਗ ਰੱਖਿਅਕਾਂ ਨੂੰ ਗੁੱਸਾ ਆਇਆ। ਉਹ ਦੋਵੇਂ ਡਰਦੇ ਸਨ ਕਿ ਮੈਨੂੰ ਅਗਵਾ ਕਰ ਲਿਆ ਜਾ ਸਕਦਾ ਹੈ ਅਤੇ ਜਦੋਂ ਉਹ ਦੂਤਾਵਾਸ ਪਹੁੰਚੇ ਤਾਂ ਉਨ੍ਹਾਂ ਨੂੰ ਯਕੀਨ ਨਹੀਂ ਸੀ ਕਿ ਮੈਂ ਸੱਚਮੁੱਚ ਉੱਥੇ ਹਾਂ ਜਾਂ ਨਹੀਂ, ਇਸ ਲਈ ਉਨ੍ਹਾਂ ਨੇ ਕਿਸੇ ਨੂੰ ਮੇਰੇ ਕੋਲ ਸਵੈਟਰ ਲੈ ਕੇ ਜਾਣ ਲਈ ਕਿਹਾ ਤਾਂ ਜੋ ਮੇਰੀ ਪ੍ਰਤੀਕਿਰਿਆ ਕੀ ਹੋਵੇਗੀ। ਇਸ ਦੌਰਾਨ ਮੈਂ ਚਾਉ ਨਾਲ ਖੁੱਲ੍ਹ ਕੇ ਗੱਲਬਾਤ ਕਰ ਰਿਹਾ ਸੀ। ਉਸਨੇ ਮੈਨੂੰ ਦੱਸਿਆ ਕਿ ਤਿੱਬਤ ਵਿੱਚ ਸਥਿਤੀ ਵਿਗੜਦੀ ਜਾ ਰਹੀ ਹੈ, ਇਹ ਦੱਸਦੇ ਹੋਏ ਕਿ ਚੀਨੀ ਅਧਿਕਾਰੀ ਕਿਸੇ ਵੀ ਪ੍ਰਸਿੱਧ ਵਿਦਰੋਹ ਨੂੰ ਦਬਾਉਣ ਲਈ ਤਾਕਤ ਦੀ ਵਰਤੋਂ ਕਰਨ ਲਈ ਤਿਆਰ ਹਨ।

ਨਹਿਰੂ ਨੂੰ ਝਟਕਾ 109

ਇਸ ਮੌਕੇ 'ਤੇ ਮੈਂ ਆਪਣੀ ਚਿੰਤਾ ਦੁਹਰਾਈ ਕਿ ਚੀਨੀ ਤਿੱਬਤ ਵਿੱਚ ਕਿਵੇਂ ਵਿਵਹਾਰ ਕਰ ਰਹੇ ਸਨ, ਇਸ ਭਰੋਸੇ ਦੇ ਬਾਵਜੂਦ ਕਿ ਉਹ ਸਾਡੇ 'ਤੇ ਅਣਚਾਹੇ ਸੁਧਾਰ ਲਾਗੂ ਕਰਨਗੇ। ਉਸਨੇ ਬਰਾਬਰ ਸੁਹਜ ਨਾਲ ਦੁਹਰਾਇਆ ਕਿ ਚੇਅਰਮੈਨ ਮਾਓ ਨੇ ਐਲਾਨ ਕੀਤਾ ਸੀ ਕਿ ਘੱਟੋ-ਘੱਟ ਅਗਲੇ ਛੇ ਸਾਲਾਂ ਲਈ ਤਿੱਬਤ ਵਿੱਚ ਕੋਈ ਸੁਧਾਰ ਨਹੀਂ ਕੀਤੇ ਜਾਣੇ ਚਾਹੀਦੇ। ਅਤੇ ਜੇਕਰ ਅਸੀਂ ਅਜੇ ਵੀ ਤਿਆਰ ਨਹੀਂ ਹਾਂ, ਤਾਂ ਲੋੜ ਪੈਣ 'ਤੇ ਉਨ੍ਹਾਂ ਨੂੰ ਪੰਜਾਹ ਸਾਲਾਂ ਲਈ ਮੁਲਤਵੀ ਕੀਤਾ ਜਾ ਸਕਦਾ ਹੈ। ਆਖ਼ਰਕਾਰ, ਉਸਨੇ ਕਿਹਾ, ਚੀਨ ਸਿਰਫ ਸਾਡੀ ਮਦਦ ਕਰਨ ਲਈ ਉੱਥੇ ਸੀ। ਫਿਰ ਵੀ, ਮੈਂ ਸੰਤੁਸ਼ਟ ਨਹੀਂ ਸੀ। ਚਾਉ ਨੇ ਅੱਗੇ ਕਿਹਾ ਕਿ ਉਹ ਸਮਝਦਾ ਸੀ ਕਿ ਮੈਂ ਕਲਿੰਪੋਂਗ ਦੀ ਯਾਤਰਾ ਲਈ ਤਿਆਰੀ ਕਰਨ ਦੀ ਯੋਜਨਾ ਬਣਾ ਰਿਹਾ ਸੀ। ਇਹ ਸੱਚ ਸੀ। ਮੈਨੂੰ ਉੱਥੇ ਰਹਿਣ ਵਾਲੇ ਤਿੱਬਤੀ

ਲੋਕਾਂ ਨੂੰ ਪ੍ਰਚਾਰ ਕਰਨ ਲਈ ਕਿਹਾ ਗਿਆ ਸੀ। ਉਸਨੇ ਮੈਨੂੰ ਅਜਿਹਾ ਨਾ ਕਰਨ ਦੀ ਸਖ਼ਤ ਸਲਾਹ ਦਿੱਤੀ।

ਕਿਉਂਕਿ ਉਹ ਜਗ੍ਹਾ "ਜਾਸੂਸਾਂ ਅਤੇ ਪ੍ਰਤੀਕਿਰਿਆਵਾਦੀ ਤੱਤਾਂ" ਨਾਲ ਭਰੀ ਹੋਈ ਸੀ। ਉਸਨੇ ਅੱਗੇ ਕਿਹਾ ਕਿ ਮੈਨੂੰ ਉਨ੍ਹਾਂ ਭਾਰਤੀ ਕਰਮਚਾਰੀਆਂ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ ਜਿਨ੍ਹਾਂ 'ਤੇ ਮੈਂ ਭਰੋਸਾ ਕਰਦਾ ਹਾਂ ਕਿਉਂਕਿ ਇੱਥੇ ਸਿਰਫ਼ ਕੁਝ ਕੁ ਚੰਗੇ ਹਨ ਅਤੇ ਬਾਕੀ ਖ਼ਤਰਨਾਕ ਹਨ। ਫਿਰ ਉਸਨੇ ਵਿਸ਼ਾ ਬਦਲ ਦਿੱਤਾ। ਉਸਨੇ ਪੁੱਛਿਆ ਕਿ ਕੀ ਮੈਂ ਨਾਲੰਦਾ ਵਾਪਸ ਜਾਣ ਅਤੇ ਚੀਨੀ ਅਧਿਆਤਮਿਕ ਸੰਤ ਤਾਂਗ ਸੇਨ ਦੇ ਅਵਸ਼ੇਸ਼ ਅਤੇ ਚੀਨ ਦੇ ਜਨਵਾਦੀ ਗਣਰਾਜ ਦੇ ਪ੍ਰਤੀਨਿਧੀ ਵਜੋਂ ਉੱਥੇ ਦੀ ਇੱਕ ਸੰਸਥਾ ਨੂੰ ਇੱਕ ਚੈੱਕ ਭੇਟ ਕਰਨ ਲਈ ਤਿਆਰ ਹਾਂ। ਇਹ ਜਾਣਦੇ ਹੋਏ ਕਿ ਪੰਡਿਤ ਨਹਿਰੂ ਮੌਜੂਦ ਹੋਣਗੇ, ਮੈਂ ਸਹਿਮਤ ਹੋ ਗਿਆ।

ਅਗਲੀ ਵਾਰ ਜਦੋਂ ਮੈਂ ਉਸਨੂੰ ਮਿਲਿਆ, ਤਾਂ ਭਾਰਤੀ ਪ੍ਰਧਾਨ ਮੰਤਰੀ ਆਪਣੇ ਨਾਲ ਸਤਾਰਾਂ-ਨੁਕਾਤੀ 'ਸਮਝੌਤੇ' ਦੀ ਇੱਕ ਕਾਪੀ ਲੈ ਕੇ ਗਏ। ਉਸਨੇ ਮੈਨੂੰ ਤਿੱਬਤ ਵਾਪਸ ਜਾਣ ਅਤੇ 'ਸਮਝੌਤੇ' ਦੇ ਆਧਾਰ 'ਤੇ ਚੀਨੀਆਂ ਨਾਲ ਕੰਮ ਕਰਨ ਲਈ ਕਿਹਾ। ਉਸਨੇ ਕਿਹਾ ਕਿ ਹੋਰ ਕੋਈ ਵਿਕਲਪ ਨਹੀਂ ਸੀ। ਉਸਨੇ ਅੱਗੇ ਕਿਹਾ ਕਿ ਉਹ ਇਹ ਸਪੱਸ਼ਟ ਕਰਨਾ ਚਾਹੁੰਦਾ ਸੀ ਕਿ ਭਾਰਤ ਕਿਸੇ ਵੀ ਤਰ੍ਹਾਂ ਤਿੱਬਤ ਦੀ ਮਦਦ ਨਹੀਂ ਕਰ ਸਕਦਾ। ਉਸਨੇ ਮੈਨੂੰ ਇਹ ਵੀ ਕਿਹਾ ਕਿ ਮੈਨੂੰ ਚਾਉ ਐਨ-ਲਾਈ ਦੇ ਕਹੇ ਅਨੁਸਾਰ ਕਰਨਾ ਚਾਹੀਦਾ ਹੈ ਅਤੇ ਕਾਲੀਮਪੋਂਗ ਵਿੱਚ ਰੁਕੇ ਬਿਨਾਂ ਲਹਾਸਾ ਵਾਪਸ ਜਾਣਾ ਚਾਹੀਦਾ ਹੈ। ਪਰ ਜਦੋਂ ਮੈਂ ਉਸਨੂੰ ਇਸ ਬਾਰੇ ਦਬਾਅ ਪਾਇਆ, ਤਾਂ ਉਸਨੇ ਤੁਰੰਤ ਆਪਣਾ ਮਨ ਬਦਲ ਲਿਆ। "ਆਖ਼ਰਕਾਰ, ਭਾਰਤ ਇੱਕ ਆਜ਼ਾਦ ਦੇਸ਼ ਹੈ। ਅਤੇ ਇਹ ਉਮੀਦ ਕੀਤੀ ਜਾਂਦੀ ਹੈ ਕਿ ਤੁਸੀਂ ਇਸਦੇ ਕਿਸੇ ਵੀ ਨਿਯਮ ਨੂੰ ਨਹੀਂ ਤੋੜੋਗੇ," ਉਸਨੇ ਕਿਹਾ। ਫਿਰ ਉਸਨੇ ਯਾਤਰਾ ਲਈ ਸਾਰੇ ਜ਼ਰੂਰੀ ਪ੍ਰਬੰਧ ਕਰਨ ਦਾ ਬੀੜਾ ਚੁੱਕਿਆ।

ਇਹ ਫਰਵਰੀ 1957 ਸੀ ਜਦੋਂ ਮੈਂ ਆਪਣੇ ਛੋਟੇ ਜਿਹੇ ਦਲ ਨਾਲ ਰੇਲਗੱਡੀ ਰਾਹੀਂ ਕਲਕੱਤਾ ਗਿਆ ਸੀ। ਮੈਨੂੰ ਯਾਦ ਹੈ ਕਿ, ਕਿਸੇ ਵੀ ਪਾਬੰਦੀ ਤੋਂ ਅਣਜਾਣ ਅਤੇ ਬਿਲਕੁਲ ਆਜ਼ਾਦ ਮਹਿਸੂਸ ਕਰਦੇ ਹੋਏ, ਰਸਤੇ ਵਿੱਚ ਮੇਰੀ ਮਾਂ ਨੇ ਇੱਕ ਛੋਟਾ ਜਿਹਾ ਚੁੱਲ੍ਹਾ ਕੱਢਿਆ ਅਤੇ ਇੱਕ ਬਹੁਤ ਹੀ ਸੁਆਦੀ ਥੁਕਪਾ (ਰਵਾਇਤੀ ਤਿੱਬਤੀ ਨੂਡਲ

ਸੂਪ) ਪਕਾਇਆ। ਅਸੀਂ ਪੱਛਮੀ ਬੰਗਾਲ ਦੀ ਰਾਜਧਾਨੀ ਕਲਕੱਤਾ ਵਿੱਚ ਕੁਝ ਦਿਨ ਰਹੇ, ਫਿਰ ਉੱਤਰ ਵੱਲ ਬਾਗਡੋਗਰਾ ਲਈ ਉਡਾਣ ਭਰੀ, ਜਿੱਥੇ ਹਿਮਾਲਿਆ ਦੀਆਂ ਨੀਵੀਆਂ ਪਹਾੜੀਆਂ ਭਾਰਤੀ ਮੈਦਾਨਾਂ ਦੀ ਤੇਜ਼ ਗਰਮੀ ਦੀ ਪਹੁੰਚ ਤੋਂ ਬਾਹਰ ਫੈਲੀਆਂ ਹੋਈਆਂ ਹਨ। ਅਸੀਂ ਯਾਤਰਾ ਦੇ ਆਖਰੀ ਹਿੱਸੇ ਨੂੰ ਜੀਪ ਦੁਆਰਾ ਕਵਰ ਕੀਤਾ। ਜਦੋਂ ਅਸੀਂ ਕਲੀਮਪੋਂਗ ਪਹੁੰਚੇ, ਤਾਂ ਅਸੀਂ ਇੱਕ ਭੂਟਾਨੀ ਪਰਿਵਾਰ ਦੇ ਉਸੇ ਘਰ ਵਿੱਚ ਰਹੇ

110 ਆਜ਼ਾਦ ਸ਼ਰਨਾਰਥੀ

ਜਿੱਥੇ ਦਲਾਈ ਲਾਮਾ ਇੱਕ ਵਾਰ ਮੇਰੇ ਤੋਂ ਪਹਿਲਾਂ ਭਾਰਤ ਵਿੱਚ ਆਪਣੇ ਜਲਾਵਤਨੀ ਦੌਰਾਨ ਠਹਿਰੇ ਸਨ। ਉਸਨੇ ਮੈਨੂੰ ਉਹੀ ਕਮਰਾ ਦਿੱਤਾ ਜਿਸ ਵਿੱਚ ਉਹ ਠਹਿਰੇ ਸਨ। ਅਜਿਹੇ ਹਾਲਾਤਾਂ ਵਿੱਚ ਰਹਿਣਾ ਇੱਕ ਸ਼ਾਨਦਾਰ ਅਨੁਭਵ ਸੀ। ਇਹ ਦੋਸਤਾਨਾ ਘਰ ਭੂਟਾਨ ਦੇ ਪ੍ਰਧਾਨ ਮੰਤਰੀ ਦਾ ਸੀ, ਜਿਸ ਨੂੰ ਬਾਅਦ ਵਿੱਚ ਮਾਰ ਦਿੱਤਾ ਗਿਆ ਸੀ। ਤਿੰਨ ਛੋਟੇ ਪੁੱਤਰ ਸਨ, ਜਿਨ੍ਹਾਂ ਵਿੱਚੋਂ ਸਭ ਤੋਂ ਛੋਟਾ ਸਾਡੇ ਮਹਿਮਾਨਾਂ ਵਿੱਚ ਬਹੁਤ ਦਿਲਚਸਪੀ ਲੈਂਦਾ ਸੀ। ਉਹ ਮੇਰੇ ਕਮਰੇ ਵਿੱਚ ਇਸ ਤਰ੍ਹਾਂ ਆਉਂਦਾ ਰਹਿੰਦਾ ਸੀ ਜਿਵੇਂ ਮੇਰਾ ਮੁਆਇਨਾ ਕਰਨ ਲਈ ਹੋਵੇ। ਫਿਰ ਉਹ ਹੱਸਦਾ ਹੋਇਆ ਚਲਾ ਜਾਂਦਾ ਸੀ।

ਮੈਂ ਉੱਥੇ ਪਹੁੰਚਿਆ ਵੀ ਬਹੁਤ ਦੇਰ ਨਹੀਂ ਹੋਈ ਸੀ ਕਿ ਮੇਰਾ ਸਾਬਕਾ ਪ੍ਰਧਾਨ ਮੰਤਰੀ ਲੁਖਾਂਗਵਾ, ਜੋ ਹਾਲ ਹੀ ਵਿੱਚ ਲਹਾਸਾ ਤੋਂ ਤੀਰਥ ਯਾਤਰਾ 'ਤੇ ਆਇਆ ਸੀ, ਮੈਨੂੰ ਮਿਲਿਆ। ਮੈਂ ਉਨ੍ਹਾਂ ਨੂੰ ਮਿਲ ਕੇ ਬਹੁਤ ਖੁਸ਼ ਹੋਈ, ਹਾਲਾਂਕਿ ਮੈਨੂੰ ਜਲਦੀ ਹੀ ਪਤਾ ਲੱਗਾ ਕਿ ਉਹ ਮੇਰੇ ਘਰ ਵਾਪਸ ਜਾਣ ਦੇ ਸਖ਼ਤ ਵਿਰੋਧ ਵਿੱਚ ਸਨ। ਮੇਰੇ ਦੋ ਭਰਾ, ਜੋ ਉਸੇ ਯਾਤਰਾ 'ਤੇ ਕਲਿੰਪੋਂਗ ਵੀ ਆਏ ਸਨ, ਮੇਰੇ ਨਾਲ ਸਹਿਮਤ ਹੋ ਗਏ ਅਤੇ ਮੈਨੂੰ ਉੱਥੇ ਰਹਿਣ ਲਈ ਮਨਾਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਤਿੰਨਾਂ ਨੇ ਕਸ਼ਗ ਨੂੰ ਪ੍ਰਾਰਥਨਾ ਵੀ ਕੀਤੀ ਕਿ ਉਹ ਮੈਨੂੰ ਵਾਪਸ ਨਾ ਜਾਣ ਦੇਣ। ਬੋਧਗਯਾ ਵਿੱਚ ਮੇਰੇ ਭਰਾਵਾਂ ਨੇ ਕਈ ਹਮਦਰਦ ਭਾਰਤੀ ਸਿਆਸਤਦਾਨਾਂ ਨਾਲ ਸੰਪਰਕ ਕੀਤਾ, ਜਿਨ੍ਹਾਂ ਵਿੱਚੋਂ ਇੱਕ, ਜੈਪ੍ਰਕਾਸ਼ ਨਾਰਾਇਣ, ਨੇ ਮੌਕੇ 'ਤੇ ਤਿੱਬਤੀ ਆਜ਼ਾਦੀ ਦੇ ਸਮਰਥਨ ਵਿੱਚ ਭਾਰਤ ਦੀ ਆਵਾਜ਼ ਬੁਲੰਦ ਕਰਨ ਦਾ ਵਾਅਦਾ ਕੀਤਾ। ਮੇਰਾ ਭਰਾ, ਲੁਖਾਂਗਵਾ ਅਤੇ ਕੁਝ ਹੋਰ ਲੋਕ ਯਕੀਨ ਰੱਖਦੇ ਸਨ ਕਿ ਜਦੋਂ ਅਜਿਹਾ ਹੋਇਆ ਤਾਂ

ਨਹਿਰੂ ਨੂੰ ਤਿੱਬਤੀ ਆਜ਼ਾਦੀ ਦਾ ਸਮਰਥਨ ਕਰਨ ਲਈ ਮਜਬੂਰ ਕੀਤਾ ਜਾਵੇਗਾ। ਆਖ਼ਰਕਾਰ, ਭਾਰਤ ਨੂੰ ਆਪਣੀ ਉੱਤਰੀ ਸਰਹੱਦ 'ਤੇ ਚੀਨੀ ਫੌਜਾਂ ਦੀ ਮੌਜੂਦਗੀ ਤੋਂ ਕੁਝ ਹਾਸਲ ਨਹੀਂ ਹੋਇਆ। ਪਰ ਮੈਨੂੰ ਯਕੀਨ ਨਹੀਂ ਆਇਆ। ਮੈਂ ਨਗੋਬੋ ਨਗਾਵਾਂਗ ਜਿਗਮੇ (ਉਸ ਵਫ਼ਦ ਦੇ ਆਗੂ ਜਿਸਨੂੰ ਸਤਾਰਾਂ-ਨੁਕਾਤੀ 'ਸਮਝੌਤੇ' 'ਤੇ ਦਸਤਖਤ ਕਰਨ ਲਈ ਮਜਬੂਰ ਕੀਤਾ ਗਿਆ ਸੀ), ਨੂੰ ਪੁੱਛਿਆ ਕਿ ਉਹ ਕੀ ਸੋਚਦਾ ਹੈ। ਉਸਨੇ ਸਲਾਹ ਦਿੱਤੀ ਕਿ ਮੈਂ ਇੱਥੇ ਸਿਰਫ਼ ਤਾਂ ਹੀ ਰਹਿਣ ਬਾਰੇ ਵਿਚਾਰ ਕਰਾਂਗਾ ਜੇਕਰ ਮੇਰੇ ਕੋਲ ਇੱਕ ਨਿਸ਼ਚਿਤ ਯੋਜਨਾ ਹੋਵੇ। ਉਸਨੇ ਮਹਿਸੂਸ ਕੀਤਾ ਕਿ ਬਿਨਾਂ ਕਿਸੇ ਠੋਸ ਸਬੂਤ ਦੇ, ਮੇਰੇ ਕੋਲ ਵਾਪਸ ਆਉਣ ਤੋਂ ਇਲਾਵਾ ਕੋਈ ਚਾਰਾ ਨਹੀਂ ਸੀ।

ਮੈਂ ਇੱਕ ਜੋਤਸ਼ੀ ਨਾਲ ਸਲਾਹ ਕੀਤੀ। ਤਿੰਨ ਮੁੱਖ ਓਝਾ ਹਨ ਜਿਨ੍ਹਾਂ ਦੀ ਸਲਾਹ ਦਲਾਈ ਲਾਮਾ ਲੈ ਸਕਦੇ ਹਨ। ਉਨ੍ਹਾਂ ਵਿੱਚੋਂ ਦੋ, ਨੇਚੁੰਗ ਅਤੇ ਗਾਡੋਂਗ ਮੌਜੂਦ ਸਨ। ਦੋਵਾਂ ਨੇ ਕਿਹਾ ਕਿ ਮੈਨੂੰ ਵਾਪਸ ਜਾਣਾ ਚਾਹੀਦਾ ਹੈ। ਇਨ੍ਹਾਂ ਸਲਾਹ-ਮਸ਼ਵਰਿਆਂ ਦੌਰਾਨ ਇੱਕ ਸਮੇਂ ਲੁਖਾਂਗਵਾ ਅੰਦਰ ਆਇਆ ਅਤੇ ਜੋਤਸ਼ੀ ਨੇ ਗੁੱਸੇ ਨਾਲ ਉਸਨੂੰ ਬਾਹਰ ਰਹਿਣ ਲਈ ਕਿਹਾ। ਅਜਿਹਾ ਲੱਗ ਰਿਹਾ ਸੀ ਜਿਵੇਂ ਸ਼ਮਨ ਨੂੰ ਅਹਿਸਾਸ ਹੋ ਗਿਆ ਹੋਵੇ ਕਿ ਲੁਖਾਂਗਵਾ ਨੇ ਆਪਣਾ ਮਨ ਬਣਾ ਲਿਆ ਹੈ। ਪਰ ਲੁਖਾਂਗਵਾ ਨੇ ਉਸਨੂੰ ਨਜ਼ਰਅੰਦਾਜ਼ ਕਰ ਦਿੱਤਾ ਅਤੇ ਉੱਥੇ ਬੈਠਾ ਰਿਹਾ। ਫਿਰ ਉਹ ਮੇਰੇ ਕੋਲ ਆਇਆ ਅਤੇ ਕਿਹਾ, "ਜਦੋਂ ਮਨੁੱਖ ਨਿਰਾਸ਼ ਹੁੰਦੇ ਹਨ ਤਾਂ ਉਹ ਦੇਵਤਿਆਂ ਨਾਲ ਸਲਾਹ ਕਰਦੇ ਹਨ। ਪਰ ਜਦੋਂ ਦੇਵਤੇ ਨਿਰਾਸ਼ ਹੁੰਦੇ ਹਨ ਤਾਂ ਉਹ ਝੂਠ ਬੋਲਦੇ ਹਨ।"

ਮੇਰੇ ਦੋਵੇਂ ਭਰਾ ਜ਼ਿੱਦ ਕਰ ਰਹੇ ਸਨ ਕਿ ਮੈਨੂੰ ਤਿੱਬਤ ਵਾਪਸ ਨਹੀਂ ਜਾਣਾ ਚਾਹੀਦਾ। ਲੁਖਾਂਗਵਾ ਵਾਂਗ ਉਹ ਦੋਵੇਂ ਪ੍ਰਭਾਵਸ਼ਾਲੀ ਅਤੇ ਅਡੋਲ ਆਦਮੀ ਸਨ। ਉਨ੍ਹਾਂ ਵਿੱਚੋਂ ਕੋਈ ਵੀ ਮੇਰੀ ਝਿਜਕ ਨੂੰ ਨਹੀਂ ਸਮਝ ਸਕਿਆ। ਉਨ੍ਹਾਂ ਦਾ ਮੰਨਣਾ ਸੀ ਕਿ ਤਿੱਬਤੀ ਲੋਕਾਂ ਦੀ ਹੋਂਦ ਨੂੰ ਖਤਰੇ ਦੇ ਮੱਦੇਨਜ਼ਰ, ਹਰ ਸੰਭਵ ਤਰੀਕੇ ਨਾਲ ਚੀਨੀਆਂ ਦਾ ਵਿਰੋਧ ਕਰਨਾ ਜ਼ਰੂਰੀ ਸੀ। ਉਨ੍ਹਾਂ ਨੂੰ ਲੱਗਿਆ ਕਿ ਸਭ ਤੋਂ ਵਧੀਆ ਤਰੀਕਾ ਇਹ ਸੀ ਕਿ ਮੈਂ ਭਾਰਤ ਵਿੱਚ ਹੀ ਰਹਾਂ।

ਨਹਿਰੂ ਨੂੰ ਝਟਕਾ 111

ਇਥੇ ਵਿਦੇਸ਼ੀ ਸਹਾਇਤਾ ਪ੍ਰਾਪਤ ਕਰਨਾ ਸੰਭਵ ਹੋਵੇਗਾ, ਜਿਸ ਬਾਰੇ ਉਹ ਕਾਫ਼ੀ ਯਕੀਨ ਰੱਖਦੇ ਸਨ। ਉਹ ਸੰਤੁਸ਼ਟ ਸਨ ਕਿ ਅਮਰੀਕਾ ਸਾਡੀ ਮਦਦ ਕਰੇਗਾ।

ਹਾਲਾਂਕਿ ਇਸ ਸਮੇਂ ਚੀਨੀਆਂ ਵਿਰੁੱਧ ਹਥਿਆਰਬੰਦ ਟਕਰਾਅ ਦੀ ਕੋਈ ਗੱਲ ਨਹੀਂ ਹੋਈ ਸੀ, ਮੇਰੇ ਦੋ ਭਰਾਵਾਂ ਨੇ ਮੈਨੂੰ ਦੱਸੇ ਬਿਨਾਂ ਪਹਿਲਾਂ ਹੀ ਅਮਰੀਕੀ ਕੇਂਦਰੀ ਖੁਫੀਆ ਏਜੰਸੀ (ਸੀਆਈਏ) ਨਾਲ ਸੰਪਰਕ ਕਰ ਲਿਆ ਸੀ। ਜ਼ਾਹਰ ਹੈ ਕਿ ਅਮਰੀਕੀਆਂ ਨੂੰ ਲੱਗਿਆ ਕਿ ਤਿੱਬਤੀ ਆਜ਼ਾਦੀ ਘੁਲਾਟੀਆਂ ਨੂੰ ਸੀਮਤ ਸਹਾਇਤਾ ਪ੍ਰਦਾਨ ਕਰਨਾ ਸਮਝਦਾਰੀ ਹੋਵੇਗੀ, ਇਸ ਲਈ ਨਹੀਂ ਕਿ ਉਹ ਤਿੱਬਤੀ ਆਜ਼ਾਦੀ ਦੀ ਪਰਵਾਹ ਕਰਦੇ ਸਨ, ਸਗੋਂ ਇਸ ਲਈ ਕਿਉਂਕਿ ਉਹ ਇਸਨੂੰ ਸਾਰੀਆਂ ਕਮਿਊਨਿਸਟ ਸਰਕਾਰਾਂ ਨੂੰ ਅਸਥਿਰ ਕਰਨ ਦੇ ਵਿਸ਼ਵਵਿਆਪੀ ਯਤਨ ਦੇ ਹਿੱਸੇ ਵਜੋਂ ਦੇਖਦੇ ਸਨ।

ਇਸ ਮਕਸਦ ਲਈ ਉਸਨੇ ਆਜ਼ਾਦੀ ਘੁਲਾਟੀਆਂ ਨੂੰ ਸੀਮਤ ਗਿਣਤੀ ਵਿੱਚ ਸਾਦੇ ਹਥਿਆਰਾਂ ਦੀ ਸਪਲਾਈ ਏਅਰ ਡ੍ਰੌਪ ਕਰਨ ਦਾ ਬੀੜਾ ਚੁੱਕਿਆ। ਉਸਨੇ ਸੀਆਈਏ ਦੁਆਰਾ ਗੁਰੀਲਾ ਯੁੱਧ ਵਿੱਚ ਸਿਖਲਾਈ ਪ੍ਰਾਪਤ ਕਰਨ ਅਤੇ ਪੈਰਾਸ਼ੂਟ ਰਾਹੀਂ ਤਿੱਬਤ ਵਾਪਸ ਜਾਣ ਦੀ ਯੋਜਨਾ ਵੀ ਬਣਾਈ। ਮੇਰੇ ਭਰਾਵਾਂ ਨੇ ਇਸ ਯੋਜਨਾ ਨੂੰ ਮੇਰੇ ਤੋਂ ਗੁਪਤ ਰੱਖਣਾ ਸਮਝਦਾਰੀ ਸਮਝੀ। ਉਹ ਜਾਣਦੇ ਸਨ ਕਿ ਮੇਰੀ ਪ੍ਰਤੀਕਿਰਿਆ ਕੀ ਹੋਵੇਗੀ।

ਹਾਲਾਂਕਿ ਮੈਨੂੰ ਉਨ੍ਹਾਂ ਦੀਆਂ ਦਲੀਲਾਂ ਵਿੱਚ ਕੋਈ ਫ਼ਰਕ ਪਿਆ, ਜਦੋਂ ਮੈਂ ਉਨ੍ਹਾਂ ਨੂੰ ਦੱਸਿਆ ਕਿ ਮੈਂ ਇਸਨੂੰ ਸਵੀਕਾਰ ਨਹੀਂ ਕਰ ਸਕਦਾ, ਤਾਂ ਗਿਆਲੋ ਥੋਂਡੁਪ ਨੇ ਚਿੜਚਿੜੇਪਣ ਦੇ ਸੰਕੇਤ ਦਿਖਾਏ। ਉਹ ਮੇਰੇ ਭਰਾਵਾਂ ਵਿੱਚੋਂ ਸਭ ਤੋਂ ਪੱਕੇ ਦੇਸ਼ ਭਗਤ ਸਨ ਅਤੇ ਹਨ। ਉਸਦਾ ਇੱਕ ਮਜ਼ਬੂਤ ਚਰਿੱਤਰ ਹੈ ਅਤੇ ਜ਼ਿੱਦੀ ਹੋਣ ਦੀ ਪ੍ਰਵਿਰਤੀ ਹੈ ਜੋ ਕਿ ਪਾਗਲਪਣ ਹੋਣ ਦੀ ਹੱਦ ਤੱਕ ਹੈ। ਪਰ ਉਹ ਦਿਲੋਂ ਬਹੁਤ ਚੰਗਾ ਹੈ। ਜਦੋਂ ਸਾਡੀ ਮਾਂ ਦੀ ਮੌਤ ਹੋ ਗਈ ਤਾਂ ਉਹ ਸਾਡੇ ਸਾਰਿਆਂ ਵਿੱਚੋਂ ਸਭ ਤੋਂ ਵੱਧ ਦੁਖੀ ਸੀ। ਉਹ ਬਹੁਤ ਰੋਇਆ। ਤਕਤਸਰ ਰਿਨਪੋਚੇ ਗਿਆਲੋ ਥੋਂਡੁਪ ਨਾਲੋਂ ਆਪਣੇ ਤਰੀਕਿਆਂ ਵਿੱਚ ਬਹੁਤ ਨਰਮ ਅਤੇ ਸ਼ਾਂਤ ਹਨ। ਪਰ ਉਸਦੇ ਸ਼ਾਂਤ ਅਤੇ

ਖੁਸ਼ਹਾਲ ਬਾਹਰੀ ਹਿੱਸੇ ਦੇ ਹੇਠਾਂ ਇੱਕ ਮਜ਼ਬੂਤ ਅਤੇ ਅਡੋਲ ਆਦਮੀ ਹੈ। ਉਹ ਮੁਸੀਬਤ ਦੇ ਸਮੇਂ ਵਿੱਚ ਸੰਜਮੀ ਰਹਿੰਦਾ ਹੈ। ਪਰ ਇਸ ਮੌਕੇ 'ਤੇ ਉਸਨੇ ਗੁੱਸੇ ਦੇ ਸੰਕੇਤ ਦਿਖਾਏ। ਅੰਤ ਵਿੱਚ ਕੋਈ ਵੀ ਜਿੱਤ ਨਹੀਂ ਸਕਿਆ ਅਤੇ ਮੈਂ ਨਹਿਰੂ ਦੀ ਸਲਾਹ ਅਤੇ ਚੀਨੀਆਂ ਨੂੰ ਇੱਕ ਹੋਰ ਮੌਕਾ ਦੇਣ ਦੇ ਚੌ ਐਨ-ਲਾਈ ਦੇ ਭਰੋਸੇ ਹੇਠ ਤਿੱਬਤ ਵਾਪਸ ਜਾਣ ਦਾ ਫੈਸਲਾ ਕੀਤਾ।

ਕਾਲੀਮਪੋਂਗ ਛੱਡਣ ਤੋਂ ਬਾਅਦ ਮੈਨੂੰ ਨਾਥੂ ਲਾ ਦੱਰਾ ਪਾਰ ਕਰਨ ਤੋਂ ਪਹਿਲਾਂ ਇੱਕ ਪੂਰਾ ਮਹੀਨਾ ਗੰਗਟੋਕ ਵਿੱਚ ਰਹਿਣ ਲਈ ਮਜਬੂਰ ਕੀਤਾ ਗਿਆ। ਪਰ ਮੈਨੂੰ ਇਸ ਗੱਲ ਦਾ ਪਛਤਾਵਾ ਨਹੀਂ ਹੈ ਅਤੇ ਮੈਂ ਸਥਾਨਕ ਆਬਾਦੀ ਨੂੰ ਪ੍ਰਚਾਰ ਕਰਨ ਦਾ ਮੌਕਾ ਲਿਆ।

ਅੰਤ ਵਿੱਚ ਭਾਰੀ ਦਿਲ ਨਾਲ ਮੈਂ ਮਾਰਚ 1957 ਦੇ ਅੰਤ ਵਿੱਚ ਲਹਾਸਾ ਦੀ ਵਾਪਸੀ ਯਾਤਰਾ ਲਈ ਰਵਾਨਾ ਹੋਇਆ। ਆਖਰੀ ਸਮੇਂ 'ਤੇ ਲੋਬਸਾਂਗ ਸੈਮਟੇਨ, ਹਾਲ ਹੀ ਵਿੱਚ ਹੋਏ ਐਪੈਂਡਿਸਾਈਟਿਸ ਦੇ ਆਪ੍ਰੇਸ਼ਨ ਤੋਂ ਬਾਅਦ ਖਰਾਬ ਸਿਹਤ ਕਾਰਨ, ਭਾਰਤ ਵਿੱਚ ਰਹਿਣ ਦਾ ਫੈਸਲਾ ਕੀਤਾ। ਇਸਨੇ ਮੇਰੀ ਉਦਾਸੀ ਨੂੰ ਹੋਰ ਵੀ ਵਧਾ ਦਿੱਤਾ। ਜਦੋਂ ਮੈਂ ਸਰਹੱਦ 'ਤੇ ਪਹੁੰਚਿਆ ਅਤੇ ਆਪਣੇ ਭਾਰਤੀ ਦੋਸਤਾਂ ਨੂੰ ਅਲਵਿਦਾ ਕਿਹਾ ਜੋ ਸਾਰੇ ਰੋ ਰਹੇ ਸਨ ਤਾਂ ਮੇਰਾ ਦਿਲ ਹੋਰ ਵੀ ਡੂੰਘਾ ਡੁੱਬ ਗਿਆ।

112 ਆਜ਼ਾਦ ਸ਼ਰਨਾਰਥੀ

ਲਹਿਰਾਂਦੇ ਹੋਏ ਰੰਗੀਨ ਤਿੱਬਤੀ ਪੂਜਾ ਦੇ ਝੰਡਿਆਂ ਦੇ ਵਿਚਕਾਰ ਘੱਟੋ ਘੱਟ ਇੱਕ ਦਰਜਨ ਚਮਕਦਾਰ ਲਾਲ ਬੈਨਰ ਚੀਨ ਦੇ ਲੋਕ ਗਣਰਾਜ ਦਾ ਐਲਾਨ ਕਰ ਰਹੇ ਸਨ। ਇਹ ਕੋਈ ਦਿਲਾਸਾ ਨਹੀਂ ਸੀ ਕਿ ਜਨਰਲ ਚਿਨ ਰਾਹੋ ਰੇਹੇਨ ਮੈਨੂੰ ਮਿਲਣ ਆਏ ਸਨ। ਭਾਵੇਂ ਉਹ ਇੱਕ ਚੰਗਾ ਅਤੇ ਇਮਾਨਦਾਰ ਆਦਮੀ ਸੀ, ਪਰ ਮੈਂ 'ਮੁਕਤੀ' ਦੀ ਬਜਾਏ ਉਸ ਦੁਆਰਾ ਪਹਿਨੀ ਗਈ ਫੌਜੀ ਵਰਦੀ ਦੇ ਸੰਦਰਭ ਵਿੱਚ ਸੋਚਣ ਤੋਂ ਬਿਨਾਂ ਨਹੀਂ ਰਹਿ ਸਕਿਆ।

*****